# ਮਹਾਂਬਲੀ ਰਣਜੀਤ ਸਿੰਘ

## (ਜੀਵਨੀ)

**ਸੂਬਾ ਸੁਰਿੰਦਰ ਕੌਰ ਖਰਲ**

**ਲੋਕਗੀਤ ਪ੍ਰਕਾਸ਼ਨ**
ਐਸ.ਸੀ.ਓ. 26-27, ਚੌਥੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ।

## ਲੇਖਿਕਾ ਦਾ ਸਾਹਿਤਕ ਸਫ਼ਰ

### ਛਪੀਆਂ ਪੁਸਤਕਾਂ ਦਾ ਵੇਰਵਾ

| | | |
|---|---|---|
| 1) | ਤ੍ਰਿਸ਼ਨਾ (ਕਹਾਣੀਆਂ) | 1987 |
| 2) | ਰੂਹ ਪੰਜਾਬ ਦੀ (ਜੀਵਨੀ ਮਹਾਰਾਣੀ ਜ਼ਿੰਦ ਕੌਰ) | 1990 |
| 3) | ਮਹਾਂਬਲੀ ਰਣਜੀਤ ਸਿੰਘ (ਜੀਵਨੀ ਮਹਾਰਾਜਾ ਰਣਜੀਤ ਸਿੰਘ) | 1991 |
| 4) | ਵੱਡ-ਪ੍ਰਤਾਪੀ ਸਤਿਗੁਰੂ (ਜੀਵਨੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) | 1991 |
| 5) | ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਾਗ਼ਬਾਨੀ ਪ੍ਰਤੀ ਦੇਣ | 1995 |
| 6) | ਬਰਮਾ ਦੀ ਯਾਤਰਾ, ਅਫ਼ਰੀਕਾ ਦੀ ਯਾਤਰਾ | 1996 |
| 7) | ਬਖ਼ਸ਼ਿਸ਼ (ਕਵਿਤਾਵਾਂ) | 1996 |
| 8) | ਪ੍ਰਕਾਸ਼-ਪੁੰਜ ਭਾਗ ਪਹਿਲਾ (ਜੀਵਨੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) | 1997 |
| 9) | ਤੂੰ ਹੀ ਤੂੰ (ਕਵਿਤਾਵਾਂ) | 2000 |
| 10) | ਬੰਸਾਵਲੀ-ਸ੍ਰੀ ਸਤਿਗੁਰੂ ਰਾਮ ਸਿੰਘ ਜੀ | 2006 |
| 11) | ਨਾਮਧਾਰੀ ਸ਼ਹੀਦ ਅਤੇ ਸੁਤੰਤਰਤਾ ਸੰਗਰਾਮੀ | 2008 |
| 12) | ਗੋਪਾਲ ਰਤਨ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) | 2010 |
| 13) | ਪ੍ਰਕਾਸ਼-ਪੁੰਜ ਭਾਗ ਦੂਜਾ | |
| 14) | ਕੂਕਾ ਅੰਦੋਲਨ ਅਤੇ ਸਰਕਾਰੀ ਦਸਤਾਵੇਜ਼ (ਛਪ ਰਹੀ) | |

# ਤਤਕਰਾ


| | | |
|---|---|---|
| ✴ | ਭੂਮਿਕਾ | 5 |
| ✴ | ਬਾਲ ਅਵਸਥਾ | 6 |
| ✴ | ਵਿਆਹ | 7 |
| ✴ | ਰਾਜ ਦੀ ਵਾਗਡੋਰ | 8 |
| ✴ | ਸ਼ਕਤੀ ਤੇ ਪ੍ਰਸਿੱਧੀ | 10 |
| ✴ | ਰਾਜ ਦਾ ਵਿਸਥਾਰ | 12 |
| ✴ | ਅੰਗਰੇਜ਼ ਸਰਕਾਰ ਨਾਲ ਸਬੰਧ | 14 |
| ✴ | ਰਾਜ-ਪ੍ਰਬੰਧ | 16 |
| ✴ | ਸਮਰਪਣ ਭਾਵਨਾ | 17 |
| ✴ | ਗੁਰੂ-ਘਰ ਦੀ ਸੇਵਾ | 18 |
| ✴ | ਮੰਦਰਾਂ-ਮਸਜਿਦਾਂ ਪ੍ਰਤੀ ਸਤਿਕਾਰ | 20 |
| ✴ | ਧਾਰਮਿਕ ਨਿਰਪੱਖਤਾ | 22 |
| ✴ | ਲੋਕ-ਹਿਤੂ ਰਾਜ | 23 |
| ✴ | ਉਦਯੋਗ ਤੇ ਦਸਤਕਾਰੀਆਂ | 25 |
| ✴ | ਸਾਹਿਤ ਤੇ ਕਲਾ ਦਾ ਵਿਕਾਸ | 26 |
| ✴ | ਸੰਗਠਤ ਫ਼ੌਜ | 26 |
| ✴ | ਸ਼ਾਨਦਾਰ ਦਰਬਾਰ | 29 |
| ✴ | ਤੋਸ਼ਾਖ਼ਾਨਾ | 29 |
| ✴ | ਸਾਦਗੀ | 31 |
| ✴ | ਯਾਦਦਾਸ਼ਤ | 31 |
| ✴ | ਸੇਵਾ ਤੇ ਦਾਨ ਪੁੰਨ | 33 |
| ✴ | ਦਇਆ ਤੇ ਖ਼ਿਮਾਸ਼ੀਲਤਾ | 34 |
| ✴ | ਖੁਸ਼ਮਿਜਾਜ਼ੀ (ਕੁਝ ਕਹਾਣੀਆਂ) | 35 |

# ਸਮਰਪਣ

ਓਸ ਸੱਚੇ ਪਾਤਸ਼ਾਹ ਨੂੰ ਜਿੰਨ੍ਹਾਂ ਨੇ ਲਿਖਣ ਲਈ ਉਤਸ਼ਾਹ
ਤੇ ਆਸ਼ੀਰਵਾਦ ਦਿੱਤਾ।

# ਭੂਮਿਕਾ

ਪੰਜਾਬ ਦੇ ਇਤਿਹਾਸ ਦਾ ਚਮਕਦਾ ਸਿਤਾਰਾ, ਮਹਾਂਬਲੀ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ, ਸ਼ੁਕਰਚਕੀਆ ਮਿਸਲ ਦੇ ਮੁੱਖੀ ਸਰਦਾਰ ਮਹਾਂ ਸਿੰਘ ਦਾ ਪੁੱਤਰ ਸੀ। ਸਿਰਫ ਪੰਜਾਬ ਹੀ ਨਹੀਂ ਸਗੋਂ ਭਾਰਤ ਦੇ ਇਤਿਹਾਸ ਵਿੱਚ ਵੀ ਮਹਾਰਾਜਾ ਰਣਜੀਤ ਸਿੰਘ ਦੀ ਥਾਂ ਵੱਡੇ ਤੇ ਕੁਸ਼ਲ ਹਾਕਮਾਂ ਵਿੱਚ ਮੰਨੀ ਜਾਂਦੀ ਹੈ।

ਹਰਮਨ ਪਿਆਰਾ ਮਹਾਰਾਜਾ ਰਣਜੀਤ ਸਿੰਘ ਇੱਕ ਵਿਸ਼ਾਲ ਦਿਲ ਦਾ ਮਾਲਕ ਸੀ। ਉਸ ਨੇ ਹਰ ਜਮਾਤ ਦੇ ਲੋਕਾਂ ਨੂੰ ਇੱਕ ਖੁਸ਼ਹਾਲ ਜੀਵਨ ਜਿਉਣ ਦਾ ਮੌਕਾ ਦਿੱਤਾ। ਉਹ ਇੱਕ ਸੂਝਵਾਨ ਅਤੇ ਇਨਸਾਫ਼ ਪਸੰਦ ਇਨਸਾਨ ਸੀ। ਇੱਕ ਨਿਧੱੜਕ ਮਹਾਨ ਯੋਧਾ, ਇੱਕ ਨਿਪੁੰਨ ਪ੍ਰਬੰਧਕ ਅਤੇ ਇੱਕ ਅਤਿ ਦਰਜੇ ਦੀ ਰਾਜਨੀਤਕ ਪ੍ਰਤਿਭਾ ਦਾ ਮਾਲਕ ਸੀ। ਉਸ ਨੇ ਪੰਜਾਬੀਆਂ ਨੂੰ ਅਜ਼ਾਦ ਤੇ ਖੁਲਾਸਾ ਜੀਵਨ ਜਿਉਣ ਦਾ ਰਾਹ ਦੱਸਿਆ ਅਤੇ ਸਿੱਖਾਂ ਦੀ ਬਿਖਰੀ ਹੋਈ ਤਾਕਤ ਨੂੰ ਇਕੱਠਾ ਕਰਕੇ ਇੱਕ ਸੁਦ੍ਰਿੜ ਰਾਜ ਦੀ ਸਥਾਪਨਾ ਕੀਤੀ। ਪੰਜਾਬ ਨੂੰ ਇੱਕ ਮਹਾਨ ਤੇ ਸ਼ਕੀਤਸ਼ਾਲੀ ਸਲਤਨਤ ਬਨਾਉਣ ਅਤੇ ਇਸ ਨੂੰ ਇੱਕ ਵਿਲੱਖਣ ਹੋਂਦ ਦੇਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਪੂਰੇ ਚਾਲ੍ਹੀ ਸਾਲ ਯਤਨ ਕੀਤੇ।



# ਬਾਲ ਅਵਸਥਾ

ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਈ. ਨੂੰ ਗੁਜਰਾਂਵਾਲਾ ਵਿਖੇ ਸ੍ਰ. ਮਹਾਂ ਸਿੰਘ (ਪੁੱਤਰ ਸ੍ਰ. ਚੜ੍ਹਤ ਸਿੰਘ) ਦੇ ਘਰ ਹੋਇਆ। ਸ਼ੁਕਰਚਕੀਆ ਮਿਸਲ ਦੇ ਮੁਖੀ ਮਹਾਂ ਸਿੰਘ ਦਾ ਜ਼ੋਰ ਲਾਹੌਰ ਦੇ ਨੇੜੇ ਗੁਜਰਾਂਵਾਲਾ ਦੇ ਇਲਾਕੇ ’ਤੇ ਸੀ। ਰਣਜੀਤ ਸਿੰਘ ਦੀ ਮਾਤਾ ਦਾ ਨਾਮ ਰਾਜ ਕੌਰ ਸੀ, ਜਿਹੜੀ ਕਿ ਜੀਂਦ ਦੇ ਰਾਜਾ ਗਜਪਤ ਸਿੰਘ ਦੀ ਧੀ ਸੀ। ਰਾਜ ਕੌਰ ਮਾਲਵੇ ਦੇ ਇਲਾਕੇ ਦੀ ਹੋਣ ਕਰਕੇ ‘ਮਾਈ ਮਲਵੈਣ’ ਦੇ ਨਾਂ ਨਾਲ ਪ੍ਰਸਿੱਧ ਸੀ।

ਮਾਪਿਆਂ ਦਾ ਇੱਕੋ ਇੱਕ ਪੁੱਤਰ ਹੋਣ ਕਾਰਣ ਰਣਜੀਤ ਸਿੰਘ ਦਾ ਪਾਲਣ ਪੋਸ਼ਣ ਬੜੇ ਲਾਡ ਪਿਆਰ ਨਾਲ ਕੀਤਾ ਗਿਆ। ਬਚਪਨ ਵਿੱਚ ਰਣਜੀਤ ਸਿੰਘ ਨੂੰ ਇੰਨੀ ਡਾਢੀ ਚੇਚਕ ਨਿਕਲੀ ਕਿ ਉਸ ਦੇ ਬਚਣ ਦੀ ਕੋਈ ਆਸ ਨਾ ਰਹੀ। ਉਸ ਦੇ ਮਾਪਿਆਂ ਨੇ ਉਸ ’ਤੇ ਆਈ ਬਿਪਤਾ ਨੂੰ ਟਾਲਣ ਲਈ ਬਹੁਤ ਸਾਰਾ ਧਨ ਦਾਨ ਕੀਤਾ। ਅਰਾਮ ਤਾਂ ਆ ਗਿਆ, ਪਰ ਇੱਕ ਅੱਖ ਜਾਂਦੀ ਰਹੀ।

ਪੜ੍ਹਨ ਲਿਖਣ ਵਿੱਚ ਰਣਜੀਤ ਸਿੰਘ ਦੀ ਜ਼ਿਆਦਾ ਰੁਚੀ ਨਹੀਂ ਸੀ, ਪਰ ਉਸ ਨੇ ਯੁੱਧ ਵਿੱਦਿਆ ਵਿੱਚ ਨਿਪੁੰਨਤਾ ਹਾਸਲ ਕਰ ਲਈ। ਉਸ ਨੂੰ ਘੋੜ ਸਵਾਰੀ, ਸ਼ਿਕਾਰ ਖੇਡਣ ਅਤੇ ਨਿਸ਼ਾਨੇ-ਬਾਜ਼ੀ ਦਾ ਸ਼ੌਕ ਸੀ। ਆਪਣੇ ਬਾਲਪਨ ਦਾ ਵੱਡਾ ਹਿੱਸਾ ਉਸ ਨੇ ਆਪਣੇ ਦੋਸਤਾਂ ਨਾਲ ਨਕਲੀ ਲੜਾਈਆਂ ਲੜਦਿਆਂ ਗੁਜ਼ਾਰਿਆ। ਰਣਜੀਤ ਸਿੰਘ ਦੀ ਨਿਸ਼ਾਨੇ-ਬਾਜ਼ੀ ਅਤੇ ਯੁੱਧ-ਕਲਾ ਨੂੰ ਵੇਖ ਕੇ ਇੱਕ ਵਾਰ ਉਸ ਦੇ ਪਿਤਾ ਨੇ ਕਿਹਾ, “ਗੁਜਰਾਂਵਾਲਾ ਦਾ ਇਲਾਕਾ ਮੇਰੇ ਬਹਾਦਰ ਪੁੱਤਰ ਰਣਜੀਤ ਸਿੰਘ ਲਈ ਕਾਫ਼ੀ ਨਹੀਂ ਹੋਵੇਗਾ। ਉਹ ਇੱਕ ਦਿਨ ਆਪਣੇ ਲਈ ਵੱਡਾ ਰਾਜ ਕਾਇਮ ਕਰੇਗਾ।”

ਇੱਕ ਵਾਰ ਇੱਕ ਅੰਗਰੇਜ਼ ਨੂੰ ਰਣਜੀਤ ਸਿੰਘ ਨੇ ਦੱਸਿਆ, “ਜਦੋਂ ਮੇਰੇ ਪਿਤਾ ਦੀ ਮੌਤ ਹੋਈ ਸੀ ਤਾਂ ਉਹ ਵੀਹ ਹਜ਼ਾਰ ਕਾਰਤੂਸ ਛੱਡ ਗਏ ਸੀ, ਜਿਹੜੇ ਸਾਰੇ ਮੈਂ ਨਿਸ਼ਾਨੇ-ਬਾਜ਼ੀ ਵਿੱਚ ਖ਼ਤਮ ਕਰ ਦਿੱਤੇ।”

ਜਦੋਂ ਰਣਜੀਤ ਸਿੰਘ ਦਸ ਵਰ੍ਹਿਆਂ ਦਾ ਹੀ ਸੀ ਤਾਂ ਉਸ ਨੇ ਆਪਣੇ ਪਿਤਾ ਨਾਲ ਲੜਾਈਆਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਇੱਕ ਵਾਰ ਇੱਕ ਲੜਾਈ ਦੌਰਾਨ ਉਸ

ਦੇ ਪਿਤਾ ਬੀਮਾਰ ਪੈਣ ਕਾਰਣ ਪਰਤ ਆਏ, ਤਾਂ ਰਣਜੀਤ ਸਿੰਘ ਨੇ ਇਸ ਲੜਾਈ ਵਿੱਚ ਉਹ ਬਹਾਦਰੀ ਵਿਖਾਈ ਕਿ ਨਾ ਸਿਰਫ ਵੈਰੀ ਨੂੰ ਡਾਢੀ ਹਾਰ ਹੋਈ, ਸਗੋਂ ਰਣਜੀਤ ਸਿੰਘ ਨੇ ਵੈਰੀ ਦਾ ਬਹੁਤ ਸਾਰਾ ਗੋਲਾ ਬਾਰੂਦ ਅਤੇ ਹੋਰ ਸਮਾਨ ਆਪਣੇ ਕਬਜ਼ੇ ਵਿੱਚ ਲੈ ਲਿਆ।

ਅਜਿਹਾ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਰਣਜੀਤ ਸਿੰਘ ਦਾ ਨਾਂ ਨਾਨਕਿਆਂ ਨੇ ਬੁੱਧ ਸਿੰਘ ਰੱਖਿਆ ਸੀ ਪਰ ਇਸ ਜਿੱਤ ਤੋਂ ਬਾਅਦ ਪਿਤਾ ਨੇ ਪ੍ਰਭਾਵਿਤ ਹੋ ਕੇ ਉਸ ਦਾ ਨਾਂ ਬਦਲ ਕੇ ਰਣਜੀਤ ਸਿੰਘ ਰੱਖ ਦਿੱਤਾ ਅਰਥਾਤ ਰਣ (ਲੜਾਈ) ਨੂੰ ਜਿੱਤਣ ਵਾਲਾ।

## ਵਿਆਹ

ਰਣਜੀਤ ਸਿੰਘ ਦੀ ਮੰਗਣੀ ਪੰਜ ਸਾਲ ਦੀ ਉਮਰ ਵਿੱਚ ਕਨ੍ਹਈਆ ਮਿਸਲ ਦੇ ਸਰਦਾਰ ਜੈ ਸਿੰਘ ਦੀ ਪੋਤਰੀ ਅਤੇ ਸਰਦਾਰ ਗੁਰਬਖ਼ਸ਼ ਸਿੰਘ ਤੇ ਸਦਾ ਕੌਰ ਦੀ ਧੀ ਮਹਿਤਾਬ ਕੌਰ ਨਾਲ ਕਰ ਦਿੱਤੀ ਗਈ। ਦਸਾਂ ਸਾਲਾਂ ਬਾਅਦ ਉਸ ਦਾ ਵਿਆਹ ਬੜੀ ਧੂਮ-ਧਾਮ ਨਾਲ ਹੋਇਆ। ਇਸ ਵਿਆਹ ਨਾਲ ਸਿੱਖਾਂ ਦੀਆਂ ਦੋ ਵੱਡੀਆਂ ਮਿਸਲਾਂ ਸ਼ੁਕਰਚਕੀਆ ਤੇ ਕਨ੍ਹਈਆ ਦਾ ਮਿਲਾਪ ਹੋ ਗਿਆ। ਰਣਜੀਤ ਸਿੰਘ ਨੂੰ ਇਸ ਵਿਆਹ ਨਾਲ ਬਹੁਤ ਲਾਭ ਪੁੱਜਾ। ਉਸ ਦੇ ਪਿਤਾ ਦੀ ਮੌਤ ਮਗਰੋਂ, ਉਸ ਨੂੰ ਆਪਣੀ ਸੱਸ ਸਦਾ ਕੌਰ ਦਾ ਬਹੁਤ ਆਸਰਾ ਮਿਲਿਆ, ਜੋ ਉਸ ਦੇ ਰਾਜ-ਕਾਜ ਦੇ ਪ੍ਰਬੰਧਾਂ ਵਿੱਚ ਰੁਚੀ ਲੈਣ ਲਗ ਪਈ ਸੀ।

ਰਣਜੀਤ ਸਿੰਘ ਨੇ ਹੋਰ ਵੀ ਕਈ ਵਿਆਹ ਕੀਤੇ। 18 ਸਾਲ ਦੀ ਉਮਰ ਵਿੱਚ ਉਸ ਨੇ ਨਕਈ ਮਿਸਲ ਦੇ ਸਰਦਾਰ ਕਮਰ ਸਿੰਘ ਦੀ ਧੀ ਰਾਜ ਕੌਰ ਨਾਲ ਵਿਆਹ ਕਰਕੇ ਇੱਕ ਹੋਰ ਵਿਆਹੁਤਾ ਗਠ-ਜੋੜ ਬਣਾ ਲਿਆ।

ਕਿਹਾ ਜਾਂਦਾ ਹੈ ਕਿ ਰਣਜੀਤ ਸਿੰਘ ਦੀਆਂ ਅਠਾਰਾਂ ਰਾਣੀਆਂ ਤੇ ਸੱਤ ਪੁੱਤਰ ਸਨ। ਸਭ ਤੋਂ ਛੋਟਾ ਪੁੱਤਰ ਖੜਕ ਸਿੰਘ ਸੀ। ਰਣਜੀਤ ਸਿੰਘ ਦੀ ਸਭ ਤੋਂ ਛੋਟੀ ਤੇ ਸਭ ਤੋਂ ਪਿਆਰੀ ਰਾਣੀ, ਮਹਾਰਾਣੀ ਜਿੰਦਾਂ ਸੀ, ਜਿਸ ਦੇ ਪੁੱਤਰ ਦਲੀਪ ਸਿੰਘ ਨੂੰ, ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ ਜਲਾਵਤਨ ਕਰ ਕੇ ਇੰਗਲੈਂਡ ਲੈ ਗਏ ਸਨ।

# ਰਾਜ ਦੀ ਵਾਗਡੋਰ

ਰਣਜੀਤ ਸਿੰਘ ਅਜੇ ਬਾਰਾਂ ਕੁ ਸਾਲਾਂ ਦਾ ਸੀ, ਜਦੋਂ ਉਸ ਦਾ ਪਿਤਾ ਸ੍. ਮਹਾਂ ਸਿੰਘ ਭਰ ਜਵਾਨੀ ਵਿੱਚ ਚੜ੍ਹਾਈ ਕਰ ਗਿਆ। ਮਿਸਲ ਦੇ ਵਾਰਿਸ ਰਣਜੀਤ ਸਿੰਘ ਨੂੰ ਉਸ ਦੀ ਮਾਤਾ ਰਾਜ ਕੌਰ ਅਤੇ ਦੀਵਾਨ ਲਖਪਤ ਰਾਏ ਬੋਚ ਬੋਚ ਕੇ ਕਦਮ ਰੱਖਣ ਦੀ ਸਲਾਹ ਦੇਣ ਲੱਗੇ।

ਇੱਕ ਵਾਰ ਹਸ਼ਮਤ ਖਾਂ ਚੱਠੇ ਨੇ, ਜੋ ਰਣਜੀਤ ਸਿੰਘ ਦੀਆਂ ਬਹਾਦਰੀ ਦੀਆਂ ਗੱਲਾਂ ਸੁਣ ਸੁਣ ਕੇ ਸੜਦਾ ਸੀ, ਮੰਦ-ਭਾਵਨਾ ਨਾਲ ਜੰਗਲ ਦੇ ਦਰਖਤਾਂ ਦੀ ਓਟ ਲੈ ਕੇ, ਸ਼ਿਕਾਰ ਖੇਡ ਕੇ ਇਕੱਲੇ ਵਾਪਸ ਆ ਰਹੇ ਰਣਜੀਤ ਸਿੰਘ ਉੱਤੇ ਅਚਾਨਕ ਹਮਲਾ ਕਰ ਦਿੱਤਾ। ਨਿਪੁੰਨ ਘੋੜਸਵਾਰ, ਮਾਹਿਰ ਨਿਸ਼ਾਨਚੀ ਤੇ ਤਲਵਾਰ ਦੇ ਧਨੀ ਰਣਜੀਤ ਸਿੰਘ ਨੇ ਫੁਰਤੀ ਨਾਲ ਨਾ ਕੇਵਲ ਆਪਣੇ ਆਪ ਨੂੰ ਬਚਾਇਆ ਸਗੋਂ ਸ਼ੇਰ ਵਾਂਗ ਲਪਕ ਕੇ ਹਸ਼ਮਤ ਖਾਂ ਚੱਠੇ ਦੇ ਸਿਰ ਨੂੰ ਧੜ ਤੋਂ ਅਲੱਗ ਕਰ ਦਿੱਤਾ।

ਜਦੋਂ ਰਣਜੀਤ ਸਿੰਘ ਸਤਾਰਾਂ ਸਾਲਾਂ ਦਾ ਹੋਇਆ ਤਾਂ ਉਸਨੇ ਮਿਸਲ ਦਾ ਪ੍ਰਬੰਧ ਪੂਰੀ ਤਰ੍ਹਾਂ ਆਪਣੇ ਹੱਥਾਂ ਵਿੱਚ ਲੈ ਲਿਆ ਤੇ ਆਪਣੇ ਪਿਤਾ ਦੇ ਮਾਮੇ ਸਰਦਾਰ ਦਲ ਸਿੰਘ ਨੂੰ ਆਪਣਾ ਵੱਡਾ ਵਜ਼ੀਰ ਬਣਾ ਲਿਆ। ਉਸ ਵੇਲੇ ਪੰਜਾਬ ਵਿੱਚ ਚੌਹੀਂ ਪਾਸੀਂ ਅਸ਼ਾਂਤੀ ਤੇ ਗੜਬੜ ਸੀ। ਸਿੱਖ, ਪਠਾਣ, ਡੋਗਰੇ ਅਤੇ ਅਫ਼ਗਾਨ ਆਪਸ ਵਿੱਚ ਲੜ ਰਹੇ ਸਨ ਤੇ ਇੱਕ ਦੂਜੇ ਦਾ ਰਾਜ ਖੋਹ ਰਹੇ ਸਨ। ਸਿੱਖ ਮਿਸਲਾਂ ਵਿਚਾਕਰ ਆਪਸੀ ਝਗੜੇ, ਲੁੱਟਮਾਰ ਤੇ ਖਿੱਚੋਤਾਣ ਚੱਲ ਰਹੀ ਸੀ। ਮਿਸਲਾਂ ਦੀ ਏਕਤਾ ਖ਼ਤਮ ਹੋ ਚੁੱਕੀ ਸੀ।



**ਬਾਲਕ ਰਣਜੀਤ ਸਿੰਘ**

# ਸ਼ਕਤੀ ਤੇ ਪ੍ਰਸਿੱਧੀ

ਰਣਜੀਤ ਸਿੰਘ ਨੂੰ ਇੱਕ ਗੱਲ ਬੜੀ ਰੜਕਦੀ ਸੀ ਕਿ ਜਦੋਂ ਅਫਗਾਨ ਕਾਬਲ ਤੋਂ ਲਾਹੌਰ ਵੱਲ ਆਉਂਦੇ ਸਨ ਤਾਂ ਲਾਹੌਰ ਦੇ ਭੰਗੀ ਸਰਦਾਰ ਸ਼ਹਿਰ ਨੂੰ ਖਾਲੀ ਕਰ ਜਾਂਦੇ ਸਨ। ਉਹ ਅਫ਼ਗਾਨ ਹਮਲਾਵਰਾਂ ਨੂੰ ਲਲਕਾਰਨਾ ਚਾਹੁੰਦਾ ਸੀ। ਸ਼ਾਹ ਜ਼ਮਾਨ ਦੇ ਚੌਥੇ ਹਮਲੇ ਸਮੇਂ ਸਤਾਰਾਂ ਸਾਲਾ ਗੱਭਰੂ ਰਣਜੀਤ ਸਿੰਘ ਨੇ ਪ੍ਰਣ ਕੀਤਾ ਕਿ ਉਹ ਲਾਹੌਰ ਦੇ ਕਿਲ੍ਹੇ ਉੱਤੇ ਸ਼ਾਹ ਜ਼ਮਾਨ ਨੂੰ ਟਿਕਣ ਨਹੀਂ ਦੇਵੇਗਾ।

ਪੰਜਾਬ ਦਾ ਕੋਈ ਵੀ ਰਾਜਾ ਨਹੀਂ ਸੀ, ਜਿਹੜਾ ਇਕੱਲਾ ਉਸ ਸ਼ਾਹ ਜਮਾਨ ਦਾ ਮੁਕਾਬਲਾ ਕਰ ਸਕੇ, ਜਿਸ ਪਾਸ ਤੀਹ ਹਜ਼ਾਰ ਫ਼ੌਜ ਦੇ ਨਾਲ ਬਹੁਤ ਸਾਰੀਆਂ ਭਾਰੀਆਂ ਤੋਪਾਂ ਸਨ। ਇਸੇ ਕਰਕੇ ਸਾਂਝੇ ਖ਼ਤਰੇ ਦੇ ਸਾਹਮਣੇ ਸਾਂਝੇ ਉੱਦਮ ਦੀ ਲੋੜ ਦਾ ਅਨੁਭਵ ਹੋਇਆ। ਰਣਜੀਤ ਸਿੰਘ ਨੇ ਸਥਿਤੀ ਨੂੰ ਭਾਂਪਦਿਆਂ, ਅੰਮ੍ਰਿਤਸਰ ਵਿੱਚ ਸਿੱਖ ਸਰਦਾਰਾਂ ਦੇ ਸਮਾਗਮ ਨੂੰ ਸੰਬੋਧਨ ਕੀਤਾ ਤਾਂ ਕਈ ਸਰਦਾਰ ਉਹਦੇ ਨਾਲ ਰਲਣ ਅਤੇ ਉਹਦੀ ਅਗਵਾਈ ਨੂੰ ਸਵੀਕਾਰ ਕਰਨ ਲਈ ਤਿਆਰ ਹੋ ਗਏ।

1797 ਈਸਵੀ ਵਿੱਚ ਜਦੋਂ ਸ਼ਾਹ ਜ਼ਮਾਨ ਬਿਨਾਂ ਰੋਕ ਟੋਕ ਦੇ ਲਾਹੌਰ ਉੱਤੇ ਕਾਬਜ਼ ਹੋ ਗਿਆ ਅਤੇ ਭੰਗੀ ਸਰਦਾਰ ਸ਼ਹਿਰ ਛੱਡ ਕੇ ਚਲੇ ਗਏ ਤਾਂ ਰਣਜੀਤ ਸਿੰਘ ਅਤੇ ਉਸਦੇ ਅਣਖੀਲੇ ਘੋੜ-ਸਵਾਰਾਂ ਲਾਹੌਰ ਦੇ ਕਿਲ੍ਹੇ ਦੇ ਚੌਗਿਰਦੇ ਘੇਰਾ ਪਾ ਲਿਆ। ਸ਼ਾਹ ਜ਼ਮਾਨ ਦੇ ਰਾਹ ਕੱਟ ਦਿੱਤੇ ਗਏ। ਜਦੋਂ ਉਸ ਦੀਆਂ ਫ਼ੌਜਾਂ ਅੰਮ੍ਰਿਤਸਰ ਵੱਲ ਨੂੰ ਵਧੀਆਂ ਤਾਂ ਰਣਜੀਤ ਸਿੰਘ ਦੇ ਸੂਰਬੀਰਾਂ ਨੇ ਪਠਾਣਾਂ ਦੇ ਛੱਕੇ ਛੁਡਾ ਦਿੱਤੇ ਅਤੇ ਉਹ ਕਿਲ੍ਹੇ ਵਿੱਚ ਬੰਦ ਹੋ ਕੇ ਬੈਠਣ ਲਈ ਮਜਬੂਰ ਹੋਏ ਤਾਂ ਰਣਜੀਤ ਸਿੰਘ ਨੇ ਤਿੰਨ ਵਾਰ ਆਪਣੇ ਘੋੜ ਚੜ੍ਹਿਆਂ ਸਮੇਤ ਸੁੰਮਨ ਬੁਰਜ ਦੇ ਹੇਠਾਂ ਖਲ੍ਹੋ ਕੇ ਬੰਦੂਕਾਂ ਦੇ ਨਿਸ਼ਾਨੇ ਬੰਨ੍ਹ ਕੇ ਫਾਇਰ ਕਰਦਿਆਂ ਸ਼ਾਹ ਜ਼ਮਾਨ ਨੂੰ ਕਿਲ੍ਹੇ 'ਚੋਂ ਬਾਹਰ ਨਿਕਲਣ ਲਈ ਵੰਗਾਰ ਕੇ ਕਿਹਾ, "ਓ ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ! ਵੇਖ ਚੜ੍ਹਤ ਸਿੰਘ ਦਾ ਪੋਤਰਾ ਆਇਆ ਹੈ। ਬਾਹਰ ਆ ਕੇ ਇਸ ਨਾਲ ਦੋ ਦੋ ਹੱਥ ਕਰ ਲੈ।"

ਸ਼ਾਹ ਜ਼ਮਾਨ ਇਨ੍ਹਾਂ ਹੱਲਿਆਂ ਤੋਂ ਘਬਰਾ ਕੇ ਲਾਹੌਰ ਦਾ ਕਿਲ੍ਹਾ ਛੱਡ ਕੇ ਸੰਨ 1798 ਵਿੱਚ ਕਾਬਲ ਵਾਪਸ ਚਲਾ ਗਿਆ। ਰਣਜੀਤ ਸਿੰਘ ਦੀ ਇਸ ਸੂਰਬੀਰਤਾ ਨੇ ਸ਼ੁਕਰ-ਚਕੀਆ ਮਿਸਲ ਨੂੰ ਬਾਰਾਂ ਮਿਸਲਾਂ ਵਿੱਚੋਂ ਸਿਰ ਕੱਢਵੀਂ ਬਣਾ ਦਿੱਤਾ। ਲਾਹੌਰ ਵਾਸੀਆਂ ਨੇ ਅਨੁਭਵ ਕੀਤਾ ਕਿ ਲਾਹੌਰ ਵਿੱਚ ਧਨ, ਮਾਲ, ਇਜ਼ਤ, ਮਾਨ, ਰੂਪ, ਜਵਾਨੀ ਤਾਂ ਹੀ ਸੁਰੱਖਿਅਤ ਰਹਿ ਸਕਦੇ ਹਨ ਜੇ ਰਣਜੀਤ ਸਿੰਘ ਜੇਹਾ ਅਣਖੀਲਾ ਸੂਰਮਾ, ਲਾਹੌਰ ਦੀ ਰਾਖੀ



ਮਹਾਰਾਜਾ ਰਣਜੀਤ ਸਿੰਘ, ਲਾਹੌਰ ਦੇ ਕਿਲ੍ਹੇ ਨੂੰ ਘੇਰਾ ਪਾਉਂਦੇ ਹੋਏ

ਦੀ ਜ਼ਿੰਮੇਂਵਾਰੀ ਸੰਭਾਲ ਲਵੇ ਅਤੇ ਰਾਜ ਕਰੇ ਤਾਂ ਜੋ ਆਏ ਦਿਨ ਦੀ ਗੜਬੜ ਖ਼ਤਮ ਹੋਵੇ।

ਹਿੰਦੂ, ਮੁਸਲਮਾਨ ਤੇ ਸਿੱਖਾਂ ਦੇ ਸਾਂਝੇ ਪ੍ਰਤੀਨਿਧਾਂ ਨੇ ਸਾਂਝਾ ਮੇਜਰਨਾਮਾ ਲਿਖ ਕੇ ਰਣਜੀਤ ਸਿੰਘ ਨੂੰ ਲਾਹੌਰ ਆਉਣ ਲਈ ਦਰਖ਼ਾਸਤ ਕੀਤੀ। ਸੱਦਾ ਪ੍ਰਾਪਤ ਕਰਨ ’ਤੇ ਰਣਜੀਤ ਸਿੰਘ ਆਪਣੀ ਫ਼ੌਜ ਲੈ ਕੇ ਲਾਹੌਰ ਵਲ ਚਲ ਪਿਆ। ਉਸ ਦੇ ਆਉਣ ਦੀ ਖ਼ਬਰ ਸੁਣਦਿਆਂ ਸਾਰ ਹੀ ਲਾਹੌਰ ਦੇ ਹਾਕਮਾਂ ਨੇ ਲਾਹੌਰ ਦੇ ਦਰਵਾਜ਼ੇ ਬੰਦ ਕਰ ਦਿੱਤੇ ਪਰ ਸਮੂਹ ਲਾਹੌਰੀ ਜਨਤਾ ਨੇ ਮੌਕਾ ਪਾ ਕੇ ਦਰਵਾਜ਼ੇ ਖੋਲ੍ਹ ਦਿੱਤੇ ਤੇ ਰਣਜੀਤ ਸਿੰਘ ਨੇ ਲਾਹੌਰ ਵਿੱਚ ਦਾਖਲ ਹੋ ਕੇ ਇਸ ’ਤੇ 7 ਜੁਲਾਈ ਸੰਨ 1799 ਨੂੰ ਕਬਜ਼ਾ ਕਰ ਲਿਆ। ਲੋਕਾਂ ਨੇ ਉਸ ਦਾ ਸੁਆਗਤ ਕੀਤਾ। ਇਸ ਜਿੱਤ ਨਾਲ ਰਣਜੀਤ ਸਿੰਘ ਦੇ ਹੱਥ ਵਿੱਚ ਪੰਜਾਬ ਦੀ ਰਾਜਧਾਨੀ ਆ ਗਈ ਤੇ ਉਸ ਦਾ ਆਦਰ-ਮਾਣ ਬਹੁਤ ਵੱਧ ਗਿਆ।

## ਰਾਜ ਦਾ ਵਿਸਥਾਰ

ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਦਾ ਪ੍ਰਬੰਧ ਸੰਭਾਲਦਿਆਂ ਹੀ, ਪੰਜਾਬ ਦੇ ਬਾਕੀ ਖਿੰਡੇ ਹੋਏ ਹਿੱਸਿਆਂ ਨੂੰ ਵੀ ਇਕੱਤਰ ਤੇ ਇਕ-ਮਿਕ ਕਰਨ ਦੇ ਪ੍ਰੋਗ੍ਰਾਮ ਨੂੰ ਅਮਲੀ ਸ਼ਕਲ ਦੇਣੀ ਸ਼ੁਰੂ ਕਰ ਦਿੱਤੀ। ਸਭ ਤੋਂ ਪਹਿਲਾਂ ਸਿੱਖ ਮਿਸਲਾਂ ਦੇ ਮੁਖੀਆਂ ਨੂੰ ਇੱਕੋ ਲੜੀ ਵਿੱਚ ਪਰੋਣ ਅਤੇ ਉਨ੍ਹਾਂ ਦੇ ਇਲਾਕਿਆਂ ਨੂੰ ਇੱਕ ਕੇਸਰੀ ਝੰਡੇ ਹੇਠ ਲਿਆਉਣ ਦਾ ਉੱਦਮ ਕੀਤਾ। ਸੰਨ 1801 ਵਿੱਚ ਸਾਰੀਆਂ ਮਿਸਲਾਂ ਨੇ ਉਸ ਨੂੰ ਆਪਣਾ ਤੇ ਪੰਜਾਬ ਦਾ ‘ਮਹਾਰਾਜਾ’ ਪਰਵਾਨ ਕਰ ਲਿਆ।

ਸੰਨ 1809 ਤਕ ਮਹਾਰਾਜਾ ਰਣਜੀਤ ਸਿੰਘ ਨੇ ਜੰਮੂ, ਅੰਮ੍ਰਿਤਸਰ, ਕਸੂਰ, ਝੰਗ, ਕਾਂਗੜਾ, ਜਲੰਧਰ, ਸਿਆਲਕੋਟ, ਵਜ਼ੀਰਾਬਾਦ, ਲੁਧਿਆਣਾ, ਸਰਹੰਦ, ਸ਼ੇਰਗੜ੍ਹ, ਅੰਬਾਲਾ ਵਗੈਰਾ ਬਹੁਤ ਸਾਰੇ ਇਲਾਕੇ ਜਿੱਤ ਲਏ ਸਨ। ਆਪਣੀ ਫ਼ੌਜ ਸਮੇਤ ਤਿੰਨ ਵਾਰ ਸਤਲੁਜ ਪਾਰ ਕਰਕੇ ਉਸ ਪਾਰ-ਵਸਦੇ ਪੰਜਾਬੀਆਂ ਨਾਲ ਸਾਂਝ ਪਾਈ, ਉਨ੍ਹਾਂ ਦੇ ਹੁਕਮਰਾਨ ਸਰਦਾਰਾਂ ਤੋਂ ਕਰ ਵਸੂਲ ਕੀਤੇ, ਸੁਗਾਤਾਂ ਲਈਆਂ, ਜਾਗੀਰਾਂ ਦਿੱਤੀਆਂ ਅਤੇ ਉਨ੍ਹਾਂ ਦਾ ਸਿਰਤਾਜ ਹੋਣ ਦਾ ਐਲਾਨ ਕੀਤਾ। ਪੰਜਾਬ ਦੇ ਇਲਾਕੇ ਨੂੰ ਇਕ-ਮਿਕ ਕਰਨ ਲਈ ਰਣਜੀਤ ਸਿੰਘ ਨੇ ਲੋੜ ਪੈਣ ’ਤੇ ਤਲਵਾਰ ਦਾ ਸਹਾਰਾ ਵੀ ਲਿਆ ਤੇ ਯੁੱਧ-ਨੀਤੀ ਅਤੇ ਸਿਆਸਤ ਦਾ ਵੀ।



**ਸਤਲੁਜ ਪਾਰ ਦੇ ਪੰਜਾਬੀ ਮਹਾਰਾਜਾ ਤੋਂ ਸੁਗਾਤਾਂ ਪ੍ਰਾਪਤ ਕਰਦੇ ਹੋਏ**

# ਅੰਗਰੇਜ਼ ਸਰਕਾਰ ਨਾਲ ਸਬੰਧ

ਬਰਤਾਨਵੀ ਸਰਕਾਰ, ਜੋ ਹੁਣ ਤਕ ਭਾਰਤ ਵਿੱਚ ਲਗਭਗ ਸਾਰੇ ਇਲਾਕੇ 'ਤੇ ਕਾਬਜ਼ ਹੋ ਚੁੱਕੀ ਸੀ ਅਤੇ ਜਿਸ ਦੀ ਨਜ਼ਰ ਹੁਣ ਪੰਜਾਬ ਦੇ ਇਲਾਕੇ ਉੱਤੇ ਸੀ, ਨੂੰ ਮਹਾਰਾਜਾ ਰਣਜੀਤ ਸਿੰਘ ਦੀ ਵੱਧ ਰਹੀ ਤਾਕਤ ਇੰਨੀਂ ਜ਼ੋਰਦਾਰ ਲਗੀ ਕਿ ਇਸ ਦੇ ਵਾਧੇ 'ਤੇ ਰੋਕ ਪਾ ਦੇਣੀਂ, ਜ਼ਰੂਰੀ ਸਮਝੀ ਗਈ। ਮਹਾਰਾਜਾ ਰਣਜੀਤ ਸਿੰਘ ਸਿੱਖ ਸਰਦਾਰਾਂ ਵਿੱਚੋਂ ਸਭ ਤੋਂ ਵੱਧ ਸ਼ਕਤੀਸ਼ਾਲੀ ਸੀ ਅਤੇ ਅੰਗਰੇਜ਼ ਉਸ ਦੀ ਸ਼ਕਤੀ ਤੋਂ ਵਾਕਫ਼ ਸਨ। ਉਧਰ ਮਹਾਰਾਜਾ ਰਣਜੀਤ ਸਿੰਘ ਵੀ ਅੰਗਰੇਜ਼ਾਂ ਦੀ ਸ਼ਕਤੀ ਤੋਂ ਭਲੀਭਾਂਤ ਜਾਣੂੰ ਸੀ ਅਤੇ ਉਹ ਉਨ੍ਹਾਂ ਨਾਲ ਲੜਾਈ ਨਹੀਂ ਲੈਣਾ ਚਾਹੁੰਦਾ ਸੀ। ਮੁੱਕਦੀ ਗੱਲ ਸੁਲਹ ਅਤੇ ਦੋਸਤੀ ਦੋਹਾਂ ਧਿਰਾਂ ਦੀ ਲੋੜ ਸੀ। ਇੱਕ ਅੰਗਰੇਜ਼ ਉੱਚ-ਅਧਿਕਾਰੀ ਸਰ ਚਾਰਲਸ ਮੈਟਕਾਫ਼ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ ਮੁਲਾਕਾਤ ਕਰਨ ਲਈ ਅੰਮ੍ਰਿਤਸਰ ਭੇਜਿਆ ਗਿਆ ਅਤੇ ਸੰਧੀ ਹੋਣ ਦੇ ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਨੂੰ ਦਿੱਲੀ ਵਲ ਵਧਣ ਤੋਂ ਰੋਕਣ ਲਈ, ਉਸ ਨੂੰ ਸਾਰੇ ਸਿੱਖਾਂ ਦਾ ਸੁਤੰਤਰ ਰਾਜਾ ਮੰਨਿਆ ਗਿਆ ਤੇ ਉਸ ਦੇ ਰਾਜ ਦੀ ਹੱਦ ਸਤਲੁਜ ਦਰਿਆ ਮਿਥ ਦਿੱਤੀ ਗਈ। ਇਹ ਮੰਨ ਲਿਆ ਗਿਆ ਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਸਤਲੁਜ ਦਰਿਆ ਨਹੀਂ ਪਾਰ ਕਰਨਗੀਆਂ ਤੇ ਅੰਗਰੇਜ਼ ਮਹਾਰਾਜਾ ਦੇ ਇਲਾਕੇ ਵਿੱਚ ਦਖਲ-ਅੰਦਾਜ਼ੀ ਨਹੀਂ ਕਰਨਗੇ।

ਇਸ ਸੰਧੀ ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਧਿਆਨ ਲਾਹੌਰ ਤੋਂ ਪਰਲੇ ਪਾਸੇ ਦੇ ਇਲਾਕਿਆਂ ਵਲ ਕੀਤਾ। ਸੰਨ 1809 ਤੋਂ 1822 ਦੇ ਵਿਚਕਾਰ ਉਸ ਨੇ ਕਸ਼ਮੀਰ, ਮੁਲਤਾਨ, ਸਿੰਧ ਦੇ ਭਾਗ, ਅਟਕ, ਬੰਨੂ ਅਤੇ ਡੇਰਾਜਾਤ ਆਦਿ ਹੋਰ ਇਲਾਕੇ ਜਿੱਤ ਕੇ ਆਪਣੇ ਰਾਜ ਵਿੱਚ ਮਿਲਾ ਲਏ ਅਤੇ ਅੰਤ ਵਿੱਚ ਪਿਸ਼ਾਵਰ ਅਤੇ ਲੱਦਾਖ ਨੂੰ ਵੀ ਆਪਣੇ ਰਾਜ ਵਿੱਚ ਸ਼ਾਮਲ ਕਰ ਲਿਆ।

ਮਹਾਰਾਜਾ ਰਣਜੀਤ ਸਿੰਘ ਹੁਣ ਇੱਕ ਬਿਲਕੁਲ ਅਜ਼ਾਦ ਬਾਦਸ਼ਾਹ ਸੀ ਅਤੇ ਉਸ ਦੀ ਸ਼ੁਹਰਤ ਹੁਣ ਆਪਣੀ ਸਿਖਰ ਉੱਤੇ ਸੀ।

ਅੰਗਰੇਜ਼ ਹਾਕਮਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਜਿਉਂਦੇ ਜੀਅ ਮਿੱਤਰਤਾ ਬਣਾਈ ਰੱਖੀ। ਦੋਹਾਂ ਧਿਰਾਂ ਦੇ ਰਾਜਦੂਤ ਇੱਕ ਦੂਜੇ ਦੇ ਰਾਜ ਵਿੱਚ ਮਿੱਤਰਾਂ ਵਾਂਗ ਆਉਂਦੇ ਜਾਂਦੇ ਅਤੇ ਇੱਕ ਦੂਜੇ ਨੂੰ ਸੁਗਾਤਾਂ ਦਿੰਦੇ ਰਹੇ। ਹਿੰਦੁਸਤਾਨ ਦੇ ਗਵਰਨਰ ਜਨਰਲ ਸਰ ਵਿਲੀਅਮ ਬੈਂਟਿੰਗ ਤੇ ਮਹਾਰਾਜਾ ਰਣਜੀਤ ਸਿੰਘ ਦੀ 26 ਅਕਤੂਬਰ ਸੰਨ 1831 ਨੂੰ ਰੋਪੜ ਵਿੱਚ ਹੋਈ ਪ੍ਰਸਿੱਧ ਮੁਲਾਕਾਤ ਦੀ ਆਨ-ਸ਼ਾਨ ਤਾਂ ਜਗਤ-ਚਰਚਾ ਦਾ ਵਿਸ਼ਾ ਬਣ ਗਈ ਸੀ।



**ਮਹਾਰਾਜਾ ਰਣਜੀਤ ਸਿੰਘ ਬਜ਼ੁਰਗਾਂ ਦੀ ਮਦਦ ਕਰਦੇ ਹੋਏ**

# ਰਾਜ-ਪ੍ਰਬੰਧ

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਤਕਰੀਬਨ ਚਾਲ੍ਹੀ ਸਾਲਾਂ ਰਾਜ ਵਿੱਚ ਪੰਜਾਬ ਦੇ ਇੱਕ ਵਧੇਰੇ ਹਿੱਸੇ ਨੂੰ ਇੱਕ ਤਾਕਤਵਰ ਤੇ ਮੁੱਠਬੰਦ ਰਿਆਸਤ ਵਿੱਚ ਬਦਲ ਦਿੱਤਾ। ਇਸ ਅਜ਼ਾਦ ਤੇ ਵਿਸ਼ਾਲ ਸਲਤਨਤ ਦਾ ਘੇਰਾ ਦੋ ਕੁ ਲੱਖ ਮੁਰੱਬਾ ਮੀਲ ਤਕ ਪਸਾਰ ਦਿੱਤਾ। ਇਸ ਦੀਆਂ ਹੱਦਾਂ ਉੱਤਰ ਵਲ ਤਿੱਬਤ, ਦੱਖਣ ਵਲ ਸਿੰਧ, ਪੂਰਬ ਵਲ ਸਤਲੁਜ ਤੇ ਪੱਛਮ ਵਲ ਖ਼ੈਬਰ ਨੂੰ ਛੂਹਣ ਲਗ ਪਈਆਂ।

ਆਪਣੇ ਅਧੀਨ ਲੰਮੇ ਚੌੜੇ ਇਸ ਰਾਜ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਨਿਰਪੱਖ ਤੇ ਸੁਚੱਜੀ ਨੀਤੀ, ਯੋਗ ਪ੍ਰਬੰਧ ਤੇ ਪ੍ਰਬੀਨ ਫ਼ੌਜ ਦੀ ਸਹਾਇਤਾ ਨਾਲ ਇੱਕ ਅਜਿਹਾ ਅਮਨ ਤੇ ਖੁਸ਼ਹਾਲੀ ਭਰਿਆ ਰਾਜ ਕਾਇਮ ਕੀਤਾ ਜੋ ਅਜੇ ਤਕ ਆਪਣੀ ਮਿਸਾਲ ਆਪ ਹੈ।

ਸ਼ੇਰ-ਏ-ਪੰਜਾਬ ਮਹਾਰਾਜਾ ਇੱਕ ਬਿਲਕੁਲ ਖੁਦਮੁਖਤਿਆਰ ਹਾਕਮ ਸੀ। ਸਾਰਾ ਨਿਜ਼ਾਮ ਉਸ ਦੇ ਇਸ਼ਾਰੇ 'ਤੇ ਚਲਦਾ ਸੀ। ਰਾਜਨੀਤਕ ਅਤੇ ਸ਼ਾਸਨ ਪ੍ਰਬੰਧਕ ਕਾਰਵਾਈਆਂ ਉਸ ਦੀ ਮਰਜ਼ੀ ਦੇ ਅਨੁਕੂਲ ਹੁੰਦੀਆਂ ਸਨ। ਗਲਤ ਕੰਮ ਜਾਂ ਹੁਕਮ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਦਿੱਤੀ ਜਾਂਦੀ ਸੀ।

ਦੇਸ਼ ਦੇ ਪ੍ਰਬੰਧ ਨੂੰ ਠੀਕ ਤਰ੍ਹਾਂ ਚਲਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਕੇਂਦਰੀ ਸ਼ਾਸਨ ਨੂੰ ਕਈ ਵਿਭਾਗਾਂ ਵਿੱਚ ਵੰਡਿਆ ਹੋਇਆ ਸੀ। ਇਨ੍ਹਾਂ ਵਿਭਾਗਾਂ ਦੁਆਰਾ ਰਾਜ ਦੀ ਆਮਦਨ ਅਤੇ ਖਰਚ ਦਾ ਹਿਸਾਬ ਬੜੇ ਸੁਹਣੇ ਢੰਗ ਨਾਲ ਰੱਖਿਆ ਜਾਂਦਾ ਸੀ। ਜ਼ਮੀਨ ਦਾ ਮਾਲੀਆ ਹੀ ਸਭ ਤੋਂ ਵੱਡਾ ਆਮਦਨ ਦਾ ਜ਼ਰੀਆ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਨੂੰ ਚਾਰ ਪ੍ਰਾਂਤਾਂ ਲਾਹੌਰ, ਮੁਲਤਾਨ, ਕਸ਼ਮੀਰ ਤੇ ਪਿਸ਼ਾਵਰ ਵਿੱਚ ਵੰਡਿਆ ਹੋਇਆ ਸੀ। ਹਰ ਪ੍ਰਾਂਤ ਇੱਕ ਗਵਰਨਰ ਦੇ ਅਧੀਨ ਹੁੰਦਾ ਸੀ, ਜਿਸ ਨੂੰ ਨਾਜ਼ਿਮ ਕਹਿੰਦੇ ਸਨ। ਇਨ੍ਹਾਂ ਅਹੁਦਿਆਂ ਉੱਤੇ ਬਹੁਤ ਹੀ ਭਰੋਸੇਯੋਗ ਅਤੇ ਲਾਇਕ ਵਿਅਕਤੀ ਨਿਯੁਕਤ ਕੀਤੇ ਜਾਂਦੇ ਸਨ।

ਹਰ ਪ੍ਰਾਂਤ ਨੂੰ ਅੱਗੇ ਜ਼ਿਲ੍ਹਿਆਂ ਵਿੱਚ ਵੰਡਿਆ ਹੁੰਦਾ ਸੀ। ਜ਼ਿਲ੍ਹੇ ਦੇ ਮੁੱਖ ਅਫਸਰ ਨੂੰ ਕਾਰਦਾਰ ਕਿਹਾ ਜਾਂਦਾ ਸੀ। ਜ਼ਿਲ੍ਹੇ ਦੀ ਅੱਗੇ ਵੰਡ ਪਿੰਡਾਂ ਵਿੱਚ ਕੀਤੀ ਗਈ ਸੀ। ਪਿੰਡਾਂ ਦਾ ਪ੍ਰਬੰਧ ਪੰਚਾਇਤਾਂ ਕਰਦੀਆਂ ਸਨ। ਪੰਚਾਇਤਾਂ ਤੋਂ ਇਲਾਵਾ ਨਾਜ਼ਿਮ ਤੇ ਕਾਰਦਾਰ ਵੀ ਮੁਕੱਦਮਿਆਂ ਅਤੇ ਅਪੀਲਾਂ ਦੇ ਫੈਸਲੇ ਕਰਨ ਦੇ ਜ਼ੁੰਮੇਵਾਰ ਸਨ। ਅੰਮ੍ਰਿਤਸਰ, ਪਿਸ਼ਾਵਰ ਅਤੇ ਮੁਲਤਾਨ ਵਗੈਰਾ ਵਿੱਚ ਸੂਬਾਈ ਅਦਾਲਤਾਂ ਸਨ। ਸਾਰਿਆਂ ਤੋਂ ਉੱਪਰ ਲਾਹੌਰ ਵਿੱਚ ਅਦਾਲਤ-ਏ-ਆਲਾ ਸੀ।

ਇੰਜ ਰਾਜ ਕਈ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ, ਜਿੱਥੇ ਗਵਰਨਰ, ਸੂਬੇਦਾਰ, ਨਾਜ਼ਿਮ ਸਾਰਾ ਪ੍ਰਬੰਧ ਚਲਾਉਂਦੇ ਸਨ ਤੇ ਕੇਂਦਰ ਨੂੰ ਲਾਹੌਰ ਕਿਹਾ ਜਾਂਦਾ ਸੀ।

## ਸਮਰਪਣ ਭਾਵਨਾ

ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਦੀ ਰਾਜਧਾਨੀ ਲਾਹੌਰ ਦੀ ਪ੍ਰਾਪਤੀ ਹੋਈ ਸੀ ਤਾਂ ਉਸ ਨੇ ਆਪਣੇ ਆਪ ਨੂੰ ਜਨਤਾ ਦਾ ਸੇਵਕ ਦੱਸਿਆ ਅਤੇ ਆਪਣੇ ਰਾਜ-ਭਾਗ ਨੂੰ ਆਪਣੀ ਨਿੱਜੀ ਸਿਆਣਪ ਤੇ ਸਮਰਥਾ ਦੀ ਦੇਣ ਨਹੀਂ ਸਮਝਿਆ ਸਗੋਂ ਸਤਿਗੁਰੂ ਦੀ ਮਿਹਰ ਤੇ ਉਨ੍ਹਾਂ ਦੇ ਸਾਜੇ ਹੋਏ ਖਾਲਸਾ ਪੰਥ ਦੀ ਘਾਲ ਰਾਹੀਂ ਪ੍ਰਾਪਤ ਹੋਇਆ ਜਾਣਿਆ। ਇਸ ਲਈ ਇਸ ਨੂੰ ਆਪਣੀ ਸਰਕਾਰ ਕਹਿਣ ਦੀ ਥਾਂ 'ਸਰਕਾਰ-ਏ-ਖਾਲਸਾ' ਅਤੇ ਇਸ ਦੇ ਦਰਬਾਰ ਨੂੰ 'ਦਰਬਾਰ-ਏ-ਖਾਲਸਾ' ਹੋਣ ਦਾ ਐਲਾਨ ਕੀਤਾ। ਖ਼ੁਦ ਨੂੰ 'ਗੁਰੂ ਕਾ ਨਗਾਰਾ ਰਣਜੀਤ' ਆਖਦਿਆਂ ਆਮ ਲੋਕਾਂ ਤੋਂ 'ਸੁਲਤਾਨ ਜਾਂ ਬਾਦਸ਼ਾਹ' ਅਖਵਾਉਣ ਦੀ ਥਾਂ 'ਸਰਕਾਰ' ਜਾਂ 'ਸਿੰਘ ਸਾਹਿਬ' ਅਖਵਾਉਣਾ ਬੇਹਤਰ ਸਮਝਿਆ ਅਤੇ ਇੰਜ ਬਾਦਸ਼ਾਹ ਹੁੰਦੇ ਹੋਏ ਵੀ ਆਪਣੇ ਆਪ ਨੂੰ ਬਾਦਸ਼ਾਹ ਨਹੀਂ ਜਾਣਿਆ। ਨਾ ਸਿਰ 'ਤੇ ਤਾਜ ਪਹਿਨਿਆ ਅਤੇ ਨਾ ਤਖਤ ਉੱਤੇ ਬੈਠੇ।

'ਸ੍ਰੀ ਅਕਾਲ ਸਹਾਇ ਰਣਜੀਤ ਸਿੰਘ' ਮਹਾਰਾਜਾ ਦੇ ਹਸਤਾਖਰ ਸਨ ਜੋ ਇਸ ਗੱਲ ਦਾ ਸੰਕੇਤ ਸੀ ਕਿ ਰਣਜੀਤ ਸਿੰਘ ਦੀ ਸਹਾਇਤਾ ਕਰਨ ਵਾਲੇ ਅਕਾਲ ਪੁਰਖ ਹਨ। ਸਰਕਾਰੀ ਮੋਹਰ ਉੱਤੇ 'ਅਕਾਲ ਜੀ ਸਹਾਇ' (ਪ੍ਰਮਾਤਮਾ ਤੁਹਾਡੀ ਮਦਦ ਕਰੇ) ਅਤੇ ਸਿੱਕਿਆਂ ਉੱਪਰ 'ਨਾਨਕ ਸਹਾਇ' ਅਤੇ 'ਗੋਬਿੰਦ ਸਹਾਇ' ਉਕਰਿਆ ਹੋਇਆ ਸੀ। ਆਪਣੇ ਸਭ ਤੋਂ ਵੱਡੇ ਕਿਲ੍ਹੇ ਦਾ ਨਾਂ ਖਾਲਸੇ ਦੇ ਸਾਜਨਹਾਰੇ ਦੇ ਨਾਂ 'ਤੇ ਹੀ ਗੋਬਿੰਦਗੜ੍ਹ ਰੱਖਿਆ।

ਮਹਾਰਾਜਾ ਰਣਜੀਤ ਸਿੰਘ ਨੇ ਆਪਾ ਸਤਿਗੁਰੂ ਨੂੰ ਸਮਰਪਿਤ ਕੀਤਾ ਹੋਇਆ ਸੀ। ਸਦਾ ਨਿਮ੍ਰਤਾ ਅਤੇ ਸੇਵਕੀ ਭਾਓ ਰੱਖਿਆ। ਉਹ ਰੋਜ਼ ਸਵੇਰ ਦੀ ਅਰਦਾਸ ਨਾਲ ਕਾਰਜ ਸ਼ੁਰੂ ਕਰਦੇ ਸਨ ਅਤੇ ਜਦੋਂ ਕੋਈ ਦੁਬਿਧਾ ਘੇਰਦੀ ਸੀ ਤਾਂ ਅੱਖਾਂ ਬੰਦ ਕਰ, ਹੱਥ ਜੋੜ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਦੇ ਸਨ। ਉਹ ਹਰ ਸਵੇਰ ਪਵਿੱਤਰ ਬਾਣੀ ਨੂੰ ਸੁਣਦੇ ਅਤੇ ਹਰ ਸ਼ਾਮ ਧਿਆਨ ਵਿੱਚ ਬੈਠਦੇ ਅਤੇ ਸਿਮਰਨ ਕਰਦੇ। ਪਵਿੱਤਰ ਗ੍ਰੰਥ ਵਿੱਚੋਂ ਵਾਕ ਲਏ ਬਿਨ੍ਹਾਂ ਉਹ ਕੋਈ ਵਿਸ਼ੇਸ਼ ਕੰਮ ਸ਼ੁਰੂ ਨਹੀਂ ਸਨ ਕਰਦੇ। ਉਨ੍ਹਾਂ ਨੇ ਆਪਣੇ ਆਪ ਨੂੰ ਵੀ ਕਦੇ ਗੁਨਾਹਾਂ ਤੋਂ ਰਹਿਤ ਨਹੀਂ ਸਮਝਿਆ।

# ਗੁਰੂ-ਘਰ ਦੀ ਸੇਵਾ

ਸਤਿਗੁਰਾਂ ਦੇ ਇਤਿਹਾਸਕ ਸਥਾਨਾਂ ਦੀ ਨਿੱਗਰ, ਉਸਾਰੂ ਅਤੇ ਯਾਦਗਾਰੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਬੜੇ ਪ੍ਰੇਮ ਤੇ ਸ਼ਰਧਾ ਨਾਲ ਕਰਵਾਈ। ਨਾ ਕੇਵਲ ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਨੂੰ ਸਵਰਨ ਮੰਦਰ (ਗੋਲਡਨ ਟੈਂਪਲ) ਵਿੱਚ ਬਦਲ ਦਿੱਤਾ ਸਗੋਂ ਹੀਰਿਆਂ, ਮੋਤੀਆਂ ਨਾਲ ਸ਼ਸ਼ੋਭਿਤ ਵੀ ਕੀਤਾ। ਲੱਖਾਂ ਰੁਪਏ ਦਾ ਸੋਨਾ ਅਤੇ ਕੀਮਤੀ ਪੱਥਰ ਵਰਤ ਕੇ ਅਜਿਹੀ ਦਿਲ ਖਿਚਵੀਂ ਸਜਾਵਟ ਕੀਤੀ ਕਿ ਵੇਖਿਆਂ ਬਣਦੀ ਹੈ। ਜਿਹੜੀ ਕੋਈ ਵੀ ਖੂਬਸੂਰਤ ਵਸਤੂ ਮਹਾਰਾਜਾ ਨੂੰ ਨਜ਼ਰ ਆਉਂਦੀ ਆਪਣੀ ਵਰਤੋਂ ਵਿੱਚ ਨਹੀਂ ਸੀ ਲਿਆਉਂਦੇ ਬਲਕਿ ਦਰਬਾਰ ਸਾਹਿਬ ਵਿਖੇ ਭੇਜ ਦਿੰਦੇ ਸਨ। ਨਵਾਬ ਹੈਦਰਾਬਾਦ ਦੀ ਮਹਾਰਾਜਾ ਨੂੰ ਭੇਂਟ ਕੀਤੀ ਹੋਈ ਅਤਿ ਸੁੰਦਰ ਚਾਂਦਨੀ, ਆਪਣੇ ਪੋਤਰੇ ਦੀ ਸ਼ਾਦੀ ਲਈ ਤਿਆਰ ਕੀਤਾ ਗਿਆ ਸੇਹਰਾ, ਆਪ ਨੇ ਅਤਿਅੰਤ ਸ਼ਰਧਾ ਨਾਲ ਦਰਬਾਰ ਸਾਹਿਬ ਦੀ ਸ਼ੋਭਾ ਵਧਾਉਣ ਲਈ ਭੇਜ ਦਿੱਤਾ। ਸੰਨ 1835 ਵਿੱਚ ਹਰਿਮੰਦਰ ਸਾਹਿਬ ਵਿੱਚ ਇੱਕ ਹੀਰਿਆਂ ਮੜ੍ਹਿਆ ਸੋਨੇ ਦਾ ਛਤਰ ਭੇਂਟ ਕੀਤਾ।

ਅਤਿਅੰਤ ਸੁੰਦਰ ਮੀਨਾਕਾਰੀ ਅਤੇ ਹੋਰ ਜਿਤਨੇ ਪ੍ਰਕਾਰ ਦੇ ਬਹੁ-ਪੱਖੀ ਕੰਮ, ਜੋ ਅਜ ਅਸੀਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵੇਖਦੇ ਹਾਂ, ਉਹ ਮਹਾਰਾਜਾ ਰਣਜੀਤ ਸਿੰਘ ਦੀ ਦੇਣ ਹਨ। ਇਸ ਦੇ ਬਾਵਜੂਦ ਮਹਾਰਾਜਾ ਵਿੱਚ ਹੰਕਾਰ ਬਿਲਕੁਲ ਨਹੀਂ ਸੀ। ਇਸ ਗੱਲ ਦਾ ਪ੍ਰਮਾਣ ਸਾਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਉੱਪਰ, ਸੁਨਹਿਰੀ ਪੱਤਰੇ ਵਾਲੀ ਇਬਾਰਤ ਤੋਂ ਲਗਦਾ ਹੈ, ਜੋ ਇਸ ਪ੍ਰਕਾਰ ਲਿਖੀ ਹੋਈ ਹੈ:

"ਸ੍ਰੀ ਮਹਾਰਾਜ ਗੁਰੂ ਸਾਹਿਬ ਜੀ ਨੇ ਆਪਣੇ ਪਰਮ ਸੇਵਕ ਸਿੱਖ ਜਾਣ ਕਰ, ਸ੍ਰੀ ਦਰਬਾਰ ਸਾਹਿਬ ਜੀ ਕੇ ਸੇਵਾ ਸ੍ਰੀ ਮਹਾਰਾਜ ਸਿੰਘ ਸਾਹਿਬ ਰਣਜੀਤ ਸਿੰਘ ਜੀ ਪਰ ਦਯਾ ਕਰਕੇ ਕਰਾਈ ਸੰਮਤ 1887 ਬਿ:।"

ਗੁਰੂ ਨਾਨਕ ਦਾ ਜਨਮ-ਅਸਥਾਨ ਨਨਕਾਣਾ ਸਾਹਿਬ ਅਤੇ ਹੋਰ ਧਰਮ ਅਸਥਾਨਾਂ ਦੇ ਨਾਂ ਮਹਾਰਾਜਾ ਨੇ ਯਥਾ-ਯੋਗ ਵੱਡੀਆਂ ਵੱਡੀਆਂ ਜਾਗੀਰਾਂ ਲਗਵਾਈਆਂ। ਆਪ ਗ੍ਰੰਥੀ ਸਿੰਘਾਂ ਦਾ ਬਹੁਤ ਸਤਿਕਾਰ ਕਰਦੇ ਸਨ।



ਮਹਾਰਾਜਾ ਰਣਜੀਤ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ

# ਮੰਦਰਾਂ-ਮਸਜਿਦਾਂ ਪ੍ਰਤੀ ਸਤਿਕਾਰ

ਮਹਾਰਾਜਾ ਰਣਜੀਤ ਸਿੰਘ ਆਪਣੇ ਧਰਮ ਵਾਂਗ ਬਾਕੀ ਧਰਮਾਂ ਦਾ ਵੀ ਆਦਰ ਕਰਦੇ ਸਨ। ਆਪ ਨੇ ਗੁਰਦਵਾਰਿਆਂ ਵਾਂਗ ਮੰਦਰਾਂ ਅਤੇ ਮਸਜਿਦਾਂ ਦੀ ਉਸਾਰੀ ਵੀ ਕਰਵਾਈ ਅਤੇ ਉਨ੍ਹਾਂ ਦੇ ਨਾਂ ਵੀ ਜਾਗੀਰਾਂ ਲਗਵਾਈਆਂ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਪਹੁੰਚਾਈਆਂ। ਆਪ ਨੇ ਸੰਨ 1799 ਵਿੱਚ, ਲਾਹੌਰ ਉੱਤੇ ਕਬਜਾ ਕਰਦਿਆਂ ਹੀ, ਉਸਦੀ ਸੁਨਹਿਰੀ ਮਸਜਿਦ ਜੋ ਮਿਸਲਾਂ ਦੇ ਦਿਨਾਂ ਤੋਂ ਸਿੱਖਾਂ ਦੇ ਅਧਿਕਾਰ ਵਿੱਚ ਸੀ, ਬੜੇ ਹੀ ਵਧੀਆ ਢੰਗ ਨਾਲ ਸਿੱਖਾਂ ਨੂੰ ਸਮਝਾ ਕੇ, ਉਸ ਦਾ ਅਧਿਕਾਰ, ਮੁਸਲਮਾਨਾਂ ਦੇ ਮੁਖੀਆਂ ਨੂੰ ਦਿਵਾ ਕੇ ਮੁਸਲਮਾਨਾਂ ਦੇ ਦਿਲ ਸਦਾ ਲਈ ਜਿੱਤ ਲਏ। ਸ਼ਾਹੀ ਮਹੱਲ ਦੇ ਐਨ ਨਾਲ ਇਹ ਸ਼ਾਹੀ ਮਸਜਿਦ ਸੀ। ਇਸ ਦੀ ਸਾਂਭ ਸੰਭਾਲ ਮਹਾਰਾਜਾ ਸਾਹਿਬ ਆਪਣੇ ਖਰਚੇ 'ਤੇ ਕਰਦੇ ਸਨ ਅਤੇ ਇਸ ਨੂੰ ਬਹੁਤ ਵਧੀਆ ਹਾਲਤ ਵਿੱਚ ਰੱਖਿਆ ਜਾਂਦਾ ਸੀ। ਆਪ ਨੇ ਦਾਤਾਗੰਜ ਬਖ਼ਸ਼ ਦੇ ਮਕਬਰੇ ਦੀ ਮੁਰੰਮਤ ਤੇ ਸਜਾਵਟ ਸਰਕਾਰੀ ਤੌਰ 'ਤੇ ਕਰਵਾਈ ਅਤੇ ਉਸ ਦੇ ਪ੍ਰਬੰਧ ਲਈ ਉਸ ਨਾਲ ਜਾਗੀਰ ਵੀ ਲਾ ਦਿੱਤੀ। ਹੋਰ ਮਸਜਿਦਾਂ ਅਤੇ ਮੁਸਲਮ ਸਿੱਖਿਅਕ ਸੰਸਥਾਵਾਂ ਨੂੰ ਵੀ ਬਕਾਇਦਾ ਖਰਚ ਭੱਤੇ ਅਦਾ ਕੀਤੇ ਜਾਂਦੇ ਸਨ। ਗਰੀਬ ਮੁਸਲਮਾਨ ਵਿਦਿਆਰਥੀਆਂ ਨੂੰ ਵਜ਼ੀਫੇ ਵੀ ਦਿੱਤੇ ਜਾਂਦੇ ਸਨ।

ਮਹਾਰਾਜਾ ਰਣਜੀਤ ਸਿੰਘ ਨੇ ਸੋਮਨਾਥ ਦੇ ਪ੍ਰਸਿੱਧ ਮੰਦਰ ਦਾ ਚੰਦਨ ਦਾ ਦਰਵਾਜ਼ਾ ਜਿਹੜਾ ਸੰਨ 1024 ਵਿੱਚ ਮਹਿਮੂਦ ਗਜ਼ਨਵੀ ਹਿੰਦ ਤੋਂ ਲੁਟ ਕੇ ਲੈ ਗਿਆ ਸੀ, ਨੂੰ ਸ਼ਾਹ ਸੁਜਾਹ ਦੁਆਰਾ ਮੁੜ ਮੰਦਰ ਵਿੱਚ ਪਹੁੰਚਾ ਦਿੱਤਾ। ਜਵਾਲਾ-ਮੁਖੀ ਦੇ ਮੰਦਰਾਂ ਲਈ ਦੋ ਸੁਨਹਿਰੀ ਛਤਰ ਭੇਂਟ ਕੀਤੇ। ਵਿਸ਼ਵਨਾਥ ਮੰਦਰ ਬਨਾਰਸ ਨੂੰ 22 ਮਣ ਸੋਨਾ ਭੇਟ ਕਰਕੇ ਹਿੰਦੂ ਜਨਤਾ ਦੇ ਦਿਲ ਵੀ ਜਿੱਤ ਲਏ। ਲਾਹੌਰ ਵਿੱਚ ਕਾਇਮ ਧਰਮੀ ਹਕੀਕਤ ਰਾਏ ਦੀ ਸਮਾਧ ਨਾਲ ਜਾਗੀਰ ਲਗਾ ਦਿੱਤੀ। ਮਹਾਰਾਜਾ ਨੇ ਕਈ ਮਸੀਤਾਂ, ਮੰਦਰਾਂ ਤੇ ਠਾਕੁਰ-ਦੁਆਰਿਆਂ ਦੇ ਰਹਿਣ-ਬਹਿਣ ਲਈ ਕਈ ਇਮਾਰਤਾਂ ਬਣਵਾਈਆਂ।

ਜਿੱਥੇ ਮਹਾਰਾਜਾ ਰਣਜੀਤ ਸਿੰਘ ਨੇ ਆਪ ਦੂਸਰੇ ਧਰਮਾਂ ਦਾ ਸਤਿਕਾਰ ਕੀਤਾ ਉਥੇ ਉਨ੍ਹਾਂ ਨੇ ਸਿੱਖਾਂ ਨੂੰ ਵੀ ਦੂਸਰੇ ਧਰਮਾਂ ਨਾਲ ਸਬੰਧ ਰੱਖਣ ਵਾਲੇ ਲੋਕਾਂ ਦਾ ਸਤਿਕਾਰ ਕਰਨ ਬਾਰੇ ਕਿਹਾ, ਇੱਕ ਵਾਰ ਕੁੱਝ ਨਿਹੰਗ ਸਿੰਘਾਂ ਦਾ ਜੱਥਾ ਮਹਾਰਾਜੇ ਕੋਲ ਗਿਆ ਕਿ ਮੁਸਲਮਾਨ ਸਵੇਰੇ ਸਵੇਰੇ 'ਬਾਂਗ' ਦੇ ਕੇ ਸਾਡੀ ਨੀਂਦ ਖਰਾਬ ਕਰਦੇ ਹਨ ਤਾਂ ਮਹਾਰਾਜਾ ਨੇ ਕਿਹਾ, "ਤੁਸੀਂ ਆਪ ਸਵੇਰੇ ਇਲਾਕੇ ਦੇ ਮੁਸਲਮਾਨਾਂ ਨੂੰ ਜਗਾ ਕੇ ਮਸੀਤ ਭੇਜਣ ਦਾ ਜ਼ੁੰਮਾ ਲੈ ਲਵੋ, ਮੈਂ



ਮਹਾਰਾਜ ਦੇ ਕਾਲ ਸਮੇਂ ਦੇ ਬਦੇਸ਼ ਮੰਤਰੀ ਫਕੀਰ ਅਜ਼ੀਜ਼ੋਦੀਨ

ਉਨ੍ਹਾਂ ਦੀ ਬਾਂਗ ਬੰਦ ਕਰਵਾ ਦਿੰਦਾ ਹਾਂ।" ਸਿੰਘ ਨਿਰੁੱਤਰ ਹੋ ਗਏ।

ਇੱਕ ਵਾਰ ਮਹਾਰਾਜਾ ਨੇ 'ਕੁਰਾਨ ਸ਼ਰੀਫ਼' ਦੀ ਇੱਕ ਅਤਿ ਸੁੰਦਰ ਅਤੇ ਸਚਿੱਤਰ ਜਿਲਦ ਇੱਕ ਮੁਸਲਮਾਨ ਕਾਤਬ ਨੂੰ ਮੂੰਹ ਮੰਗਿਆ ਮੁੱਲ, ਭਾਵ ਦਸ ਹਜ਼ਾਰ ਮੋਹਰ ਨਗਦ ਦੇ ਕੇ ਪ੍ਰਾਪਤ ਕੀਤੀ ਸੀ। ਕਹਿੰਦੇ ਹਨ, ਜਦੋਂ ਫਕੀਰ ਅਜ਼ੀਜੁਦੀਨ ਨੇ ਨਿਮ੍ਹੀ ਜਿਹੀ ਮੁਸਕਾਨ ਨਾਲ ਪੁੱਛਿਆ, "ਮਹਾਰਾਜ! ਇਹ ਤਾਂ ਮੋਮਨ ਦੇ ਕੰਮ ਆਉਣ ਵਾਲੀ ਪੁਸਤਕ ਹੈ, ਤੁਹਾਡਾ ਇਸ ਨਾਲ ਕੀ ਸੰਬੰਧ ? ਤੁਹਾਨੂੰ ਇਸ ਤੋਂ ਕੀ ਹਾਸਿਲ ?" ਤਾਂ ਮਹਾਰਾਜਾ ਨੇ ਬੜੇ ਮਾਣ ਨਾਲ ਮੁਸਕਰਾ ਕੇ ਆਖਿਆ ਸੀ, "ਫ਼ਕੀਰ ਜੀ! ਰੱਬ ਦੀ ਇੱਛਾ ਸੀ ਕਿ ਮੈਂ ਸਭ ਧਰਮਾਂ, ਉਨ੍ਹਾਂ ਦੇ ਸਭ ਅਨੁਆਈਆਂ ਤੇ ਧਰਮ-ਪੁਸਤਕਾਂ ਨੂੰ ਇਕੋ ਨਜ਼ਰ ਨਾਲ ਵੇਖਦਾ ਰਹਾਂ, ਇਸੇ ਲਈ ਉਨ੍ਹਾਂ ਨੇ ਮੇਰੀ ਦੂਜੀ ਅੱਖ ਦਾ ਚਾਨਣ ਮੈਥੋਂ ਬਚਪਨ ਵਿੱਚ ਹੀ ਖੋਹ ਲਿਆ ਸੀ। ਇਸੇ ਕਰਕੇ ਮੈਂ 'ਕੁਰਾਨ' ਤੇ 'ਪੁਰਾਨ' ਆਦਿ ਨੂੰ ਇਕੋ ਨਜ਼ਰ ਨਾਲ ਵੇਖਦਾ ਤੇ ਸਤਿਕਾਰਦਾ ਹਾਂ।"

## ਧਾਰਮਿਕ ਨਿਰਪੱਖਤਾ

ਮਹਾਰਾਜਾ ਰਣਜੀਤ ਸਿੰਘ ਧਾਰਮਿਕ ਹੁੰਦੇ ਹੋਏ ਵੀ ਧਾਰਮਿਕ ਨੀਤੀ ਅਤੇ ਸਮਾਜਿਕ ਸਮਾਨਤਾ ਦੇ ਧਾਰਨੀ ਸਨ। ਉਹ ਖ਼ੁਦ ਭਾਵੇਂ ਸਿੱਖ ਸਨ ਪਰ ਉਨ੍ਹਾਂ ਦਾ ਰਾਜ-ਪ੍ਰਬੰਧ ਸਭ ਕੌਮਾਂ ਦੇ ਸਿਆਣਿਆਂ ਨਾਲ ਸੰਮਿਲਿਤ ਇੱਕ ਸਰੇਸ਼ਟ ਵਰਗ ਚਲਾ ਰਿਹਾ ਸੀ। ਉਨ੍ਹਾਂ ਦੇ ਪ੍ਰਬੰਧ-ਕਾਲ ਵਿੱਚ ਰੰਗ, ਨਸਲ, ਜਾਤ ਪਾਤ, ਬੋਲੀ ਜਾਂ ਇਲਾਕੇ ਦਾ ਕੋਈ ਵਿਤਕਰਾ ਨਹੀਂ ਸੀ। ਰਾਜ ਦੇ ਸਭ ਹਿੰਦੂ, ਮੁਸਲਮਾਨ ਤੇ ਸਿੱਖ ਵਸਨੀਕਾਂ ਦੇ ਹੱਕ ਅਤੇ ਫਰਜ਼ ਇਕੋ ਜਿਹੇ ਸਨ। ਹਰ ਵਸਨੀਕ ਨੂੰ ਬਰਾਬਰ ਦਾ ਸ਼ਹਿਰੀ ਜਾਣਿਆ ਜਾਂਦਾ ਸੀ। ਸਭ ਮੱਤਾਂ ਦੇ ਲੋਕਾਂ ਨੂੰ ਆਪੋ ਆਪਣੀਆਂ ਧਾਰਮਿਕ ਰੀਤਾਂ ਅਦਾ ਕਰਨ ਦੀ ਸੰਪੂਰਨ ਖੁੱਲ੍ਹ ਸੀ ਅਤੇ ਮਹਾਰਾਜਾ ਆਪ ਵੀ ਉਨ੍ਹਾਂ ਦੇ ਧਾਰਮਿਕ ਤਿਉਹਾਰਾਂ ਵਿੱਚ ਸ਼ਾਮਲ ਹੁੰਦੇ ਸਨ। ਪੱਖਪਾਤੀ ਨੀਤੀ ਨਾ ਹੀ ਰਣਭੂਮੀ ਵਿੱਚ ਸੀ, ਨਾ ਮੰਤਰੀ ਮੰਡਲ ਵਿੱਚ ਤੇ ਨਾ ਹੀ ਸਮਾਜ ਵਿੱਚ।

ਰਾਜ ਦੀ ਲੋਕ-ਪ੍ਰੀਅਤਾ ਦਾ ਇੱਕ ਵੱਡਾ ਭੇਤ ਇਹ ਸੀ ਕਿ ਪਦਵੀ ਤੇ ਪੈਸਾ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਨਿਮਾਣੇ ਤੋਂ ਨਿਮਾਣੇ ਵਸਨੀਕ ਲਈ ਵੀ ਖੁੱਲੀਆਂ ਰੱਖੀਆਂ ਹੋਈਆਂ ਸਨ। ਲਾਹੌਰ ਦਰਬਾਰ ਦੇ ਉੱਚ-ਅਧਿਕਾਰੀਆਂ ਵਿੱਚੋਂ ਬਹੁਤ ਸਾਰੇ ਤਾਂ ਅਜਿਹੇ ਸਨ ਜਿਨ੍ਹਾਂ ਨੂੰ ਪ੍ਰਾਪਤ ਹੋਇਆ ਧਨ ਤੇ ਵਡਿਆਈ ਖ਼ਾਨਦਾਨੀ ਸਿਫਾਰਸ਼ ਦੀ ਥਾਂ ਉਨ੍ਹਾਂ ਦੇ ਨਿੱਜੀ ਗੁਣਾਂ ਕਰਕੇ ਸੀ।

ਮਹਾਰਾਜਾ ਰਣਜੀਤ ਸਿੰਘ ਦਾ ਇੱਕ ਉੱਤਮ ਗੁਣ ਉਨ੍ਹਾਂ ਦੀ ਅਧਿਕਾਰੀਆਂ ਦੀ ਚੋਣ ਦਾ ਢੰਗ ਸੀ। ਉਹ ਕਿਸੇ ਵਿਅਕਤੀ ਦੀ ਚੋਣ ਵੇਲੇ ਧਰਮ ਅਤੇ ਜਾਤ ਨੂੰ ਕੋਈ ਅਹਿਮੀਅਤ

ਨਾ ਦਿੰਦੇ ਹੋਏ ਕੇਵਲ ਯੋਗਤਾ ਨੂੰ ਹੀ ਵਿਚਾਰਦੇ ਹੋਏ ਸਹੀ ਜਗ੍ਹਾ ਤੇ ਸਹੀ ਵਿਅਕਤੀ ਨੂੰ ਹੀ ਤੈਨਾਤ ਕਰਦੇ ਸਨ।

ਇੰਜ ਉਹ ਯੋਗਤਾ ਦੀ ਪਛਾਣ, ਉਸ ਦੀ ਕਦਰਦਾਨੀ ਤੇ ਹੌਂਸਲਾ-ਅਫ਼ਜਾਈ ਕਰਦੇ ਸਨ ਅਤੇ ਦਲੇਰ ਲੋਕਾਂ ਨੂੰ ਇਨਾਮ ਦਿੰਦੇ ਸਨ। ਯੋਗਤਾ ਜਿਥੇ ਕਿਤੇ ਵੀ ਨਜ਼ਰ ਆਈ, ਨੂੰ ਉਤਸ਼ਾਹਿਤ ਕੀਤਾ ਅਤੇ ਰਣਭੂਮੀ ਵਿੱਚ ਸੂਰਬੀਰਾਂ ਨੂੰ ਵਡਿਆਇਆ। ਇਸੇ ਤਰ੍ਹਾਂ ਜਦੋਂ ਕੋਈ ਉੱਚਾ ਤੋਂ ਉੱਚਾ ਵਿਅਕਤੀ ਆਪਣੀ ਪਦਵੀ 'ਤੇ ਠੀਕ ਢੰਗ ਨਾਲ ਕੰਮ ਨਹੀਂ ਸੀ ਕਰਦਾ ਤਾਂ ਉਸ ਨੂੰ ਬਦਲਣ ਵਿੱਚ ਆਪ ਕਦੇ ਸੰਕੋਚ ਨਹੀਂ ਸਨ ਕਰਦੇ।

ਮਹਾਰਾਜਾ ਰਣਜੀਤ ਸਿੰਘ ਦੇ ਮਹਿਲ, ਦਰਬਾਰ ਅਤੇ ਫ਼ੌਜ ਦੇ ਉੱਚ ਅਧਿਕਾਰੀ ਅਨੇਕ ਮਤਾਂ, ਬਹੁ-ਭਾਂਤੀ ਨਸਲਾਂ, ਵੱਖ-ਵੱਖ ਦੇਸ, ਪ੍ਰਾਂਤਾਂ ਤੇ ਭਿੰਨ ਭਿੰਨ ਰਵਾਇਤਾਂ ਦੇ ਜੰਮਪਲ ਤੇ ਧਾਰਨੀ ਸਨ। ਦਰਬਾਰ ਵਿੱਚ ਸਿੱਖ, ਹਿੰਦੂ, ਕਸ਼ਮੀਰੀ ਪੰਡਤ, ਰਾਜਪੂਤ, ਮੁਸਲਮਾਨ ਅਤੇ ਯੂਰਪੀਨ ਸਾਰੇ ਸਨ। ਮਿਸਾਲ ਵਜੋਂ ਖਾਲਸਾ ਦਰਬਾਰ ਦੇ ਪ੍ਰਧਾਨ ਮੰਤਰੀ ਰਾਜਾ ਧਿਆਨ ਸਿੰਘ ਇੱਕ ਡੋਗਰਾ ਸੀ, ਬਦੇਸ਼ ਮੰਤਰੀ ਫਕੀਰ ਅਜ਼ੀਜ਼ੋਦੀਨ ਇੱਕ ਮੁਸਲਮਾਨ ਸਨ ਅਤੇ ਖਜ਼ਾਨਾ ਮੰਤਰੀ ਦੀਵਾਨ ਭਵਾਨੀ ਦਾਸ ਇੱਕ ਹਿੰਦੂ ਸਨ। ਫ਼ੌਜ ਦੀ ਕਮਾਨ ਜੇ ਇੱਕ ਪਾਸੇ ਸਰਦਾਰ ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਤੇ ਸ਼ਾਮ ਸਿੰਘ ਅਟਾਰੀ ਦੇ ਹੱਥ ਸੀ ਤਾਂ ਦੂਜੇ ਪਾਸੇ ਦੀਵਾਨ ਮੁਹਕਮ ਚੰਦ, ਮਿਸਰ ਦੀਵਾਨ ਚੰਦ ਤੇ ਸ੍ਰੀ ਜੋਰਾਵਰ ਸਿੰਘ ਵਰਗੇ ਹਿੰਦੂ ਜਰਨੈਲ ਵੀ ਇਸ ਦੀ ਵਾਗਡੋਰ ਸੰਭਾਲੇ ਹੋਏ ਸਨ। ਇਉਂ ਹੀ ਮੀਆਂ ਮੁਹੰਮਦ ਗਸ਼ ਖਾਂ, ਜਰਨੈਲ ਇਲਾਹੀ ਬਖਸ਼ ਤੇ ਸੱਯਦ ਨੁਰੁਦੀਨ ਵਰਗੇ ਮੁਸਲਮਾਨ ਕਮਾਂਡਰ ਅਤੇ ਤੋਪਖਾਨੇ ਦੇ ਇਨਚਾਰਜ ਮਿਸਰ ਬੇਲੀਰਾਮ ਵੀ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਲੜਦੇ ਰਹੇ।

ਬਦੇਸ਼ਾਂ ਤੋਂ ਆਏ ਸੱਤਰ ਤੋਂ ਵੱਧ ਯੂਰਪੀਨ—ਵੈਨਤੂਰਾ, ਐਲਾਰਡ, ਕੋਰਟ, ਲਾਰੰਸ ਅਤੇ ਬਰਗਰ ਆਦਿ ਵੀ ਮਹਾਰਾਜਾ ਦੇ ਦਰਬਾਰ ਵਿੱਚ ਨੌਕਰੀ ਕਰਦੇ ਸਨ।

ਇੰਜ ਇੱਕ ਸ਼ਾਸਕ ਦੇ ਰੂਪ ਵਿੱਚ ਮਹਾਰਾਜਾ ਨੇ ਆਪਣੀ ਪਰਜਾ ਦੇ ਹਰੇਕ ਵਰਗ ਉੱਤੇ ਏਨਾ ਵਿਸ਼ਵਾਸ ਤੇ ਭਰੋਸਾ ਪ੍ਰਗਟ ਕੀਤਾ ਕਿ ਉਸਦੇ ਇਵਜ਼ ਵਿੱਚ ਉਸ ਦੀ ਪਰਜਾ ਦੇ ਹਰੇਕ ਵਰਗ ਨੇ ਉਨ੍ਹਾਂ ਨੂੰ ਆਪਣਾ ਈਮਾਨ, ਵਫ਼ਾ ਅਤੇ ਤਾਬਿਅਦਾਰੀ ਪੇਸ਼ ਕੀਤੀ।

## ਲੋਕ-ਹਿਤੂ ਰਾਜ

ਮਹਾਰਾਜਾ ਰਣਜੀਤ ਸਿੰਘ ਦਾ ਸਥਾਪਤ ਕੀਤਾ ਰਾਜ ਲੋਕ-ਸੇਵੀ ਸੀ ਅਤੇ ਇਸ ਦਾ ਮਨੋਰਥ ਸਰਬਤ ਦਾ ਭਲਾ ਸੀ। ਮਹਾਰਾਜਾ ਨੇ ਸਰਕਾਰੀ ਕਰਮਚਾਰੀਆਂ ਨੂੰ ਹਦਾਇਤ ਕੀਤੀ

ਹੋਈ ਸੀ, "ਪਰਜਾ ਦੀ ਭਲਾਈ ਅਤੇ ਸਰਕਾਰੀ ਆਮਦਨ ਵਿੱਚ ਵਾਧੇ ਨੂੰ ਮੁੱਖ ਰੱਖਣਾ ਹੈ। ਲੋਕਾਂ ਨਾਲ ਸਦਾ ਤੇ ਸਭ ਪਾਸੇ ਈਮਾਨਦਾਰੀ, ਸੁਲ੍ਹਾ-ਸਫਾਈ ਤੇ ਸਦ-ਭਾਵਨਾ ਨਾਲ ਵਰਤਣਾ ਹੈ।" ਮਹਾਰਾਜਾ ਇਸ ਦੀ ਉਲੰਘਣਾ ਕਰਨ ਵਾਲੇ ਵੱਡੇ ਤੋਂ ਵੱਡੇ ਅਫਸਰ, ਉੱਚ-ਅਧਿਕਾਰੀ ਜਾਂ ਨਿਕਟਵਰਤੀ ਨੂੰ ਵੀ ਉਸ ਦੀ ਪਦਵੀ ਜਾਂ ਨੌਕਰੀ ਤੋਂ ਛੁੱਟੀ ਦੇਣ ਵਿੱਚ ਕਦੇ ਨਹੀਂ ਝਿਜਕਦੇ ਸਨ।

ਸਮੂਹ ਪਰਜਾ ਦੇ ਸੁਖ, ਸ਼ਾਂਤੀ, ਸੁਰੱਖਿਆ ਤੇ ਖੁਸ਼ਹਾਲੀ ਲਈ ਸਮੇਂ ਸਮੇਂ ਫ਼ਰਮਾਨ ਜਾਰੀ ਕੀਤੇ ਜਾਂਦੇ ਰਹੇ। ਗ੍ਰਹਿ ਮੰਤਰੀ ਫ਼ਕੀਰ ਨੂਰਦੀਨ, ਦੇ ਨਾਂ ਜਾਰੀ ਹੋਏ ਇੱਕ ਫ਼ਰਮਾਨ ਵਿੱਚ ਲਿਖਿਆ ਹੈ, "ਕੋਈ ਵੀ ਬੰਦਾ ਲੋਕਾਂ ਉੱਤੇ ਕਿਸੇ ਤਰ੍ਹਾਂ ਦਾ ਜਬਰ ਤੇ ਜ਼ਿਆਦਮੀ ਨਾ ਕਰੇ। ਬੇਸ਼ਕ, ਜੇ ਮਹਾਰਾਜਾ ਦੇ ਆਪਣੇ ਵਲੋਂ ਵੀ ਕੋਈ ਅਯੋਗ ਹੁਕਮ ਜਾਰੀ ਹੋ ਜਾਏ ਤਾਂ ਉਨ੍ਹਾਂ ਦਾ ਧਿਆਨ ਉਸ ਵਲ ਸਾਫ ਤੌਰ 'ਤੇ ਦਿਵਾ ਦਿੱਤਾ ਜਾਏ, ਤਾਂ ਜੋ ਉਸ ਦੀ ਸੋਧ ਤੁਰੰਤ ਕੀਤੀ ਜਾ ਸਕੇ .........।"

ਮਹਾਰਾਜਾ ਨੇ ਲਾਹੌਰ ਦੇ ਕੋਤਵਾਲ ਨੂੰ ਲਿਖਤੀ ਅਧਿਕਾਰੀ ਦਿੱਤਾ ਹੋਇਆ ਸੀ ਕਿ ਜੇ 'ਮੈਂ ਆਪ ਰਾਜ ਦਾ ਪ੍ਰਮੁੱਖ ਦੋਸ਼ੀ ਪਾਇਆ ਜਾਵਾਂ ਤਾਂ ਮੇਰੇ ਵਿਰੁੱਧ ਵੀ ਕਾਰਵਾਈ ਕਰਨ ਤੋਂ ਨਾ ਝਿਜਕੇ।

ਮਹਾਰਾਜਾ ਰਣਜੀਤ ਸਿੰਘ ਖੁਦ ਭੇਸ ਬਦਲ ਕੇ ਆਪਣੇ ਰਾਜ ਵਿੱਚ ਚਾਰੇ ਤਰਫ ਚੱਕਰ ਕਟ ਕਟਾ ਕੇ ਆਪਣੀ ਅੱਖੀਂ ਵੇਖੇ ਹਾਲ ਅਨੁਸਾਰ ਲੋਕਾਂ ਦੇ ਹਿਤ ਲਈ ਜੋ ਕੁਝ ਉਨ੍ਹਾਂ ਦੇ ਕੋਲੋਂ ਹੋ ਸਕਦਾ ਸੀ, ਉਹ ਕਰਦੇ ਸਨ।

ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਦੇ ਦੌਰਾਨ ਪੰਜਾਬ ਵਿੱਚ ਨਾ ਕੋਈ ਫਿਰਕੂ ਫ਼ਸਾਦ ਹੋਇਆ, ਨਾ ਕੋਈ ਸਿਆਸੀ ਬਗਾਵਤ ਉੱਠੀ ਅਤੇ ਨਾ ਹੀ ਕਿਸੇ ਨੂੰ ਬਾਹਰੋਂ ਹੱਲਾ ਕਰਨ ਦਾ ਹੀਆ ਪਿਆ। ਉਨ੍ਹਾਂ ਦਾ ਰਾਜ ਖੇਤਰ ਬਰਤਾਨਵੀ ਹਿੰਦੁਸਤਾਨ ਨਾਲੋਂ ਵੀ ਵਧੇਰੇ ਸ਼ਾਂਤ ਤੇ ਸੁਰੱਖਿਅਤ ਸੀ।

ਮਹਾਰਾਜਾ ਆਪਣੀ ਪਰਜਾ ਨੂੰ ਨਵੇਂ ਨਵੇਂ ਕੰਮਾਂ ਲਈ, ਨਵੀਆਂ ਖੋਜਾਂ ਲਈ ਉਤਸ਼ਾਹਿਤ ਕਰਦੇ ਸਨ ਅਤੇ ਇਸ ਲਈ ਉਹ ਇਨਾਮ ਵੀ ਦਿੰਦੇ ਸਨ। ਤਲਵਾਰ, ਨਿਸ਼ਾਨੇ ਬਾਜ਼ੀ ਅਤੇ ਤੈਰਾਕੀ ਦੇ ਮੁਕਾਬਲੇ ਅਕਸਰ ਹੋਇਆ ਕਰਦੇ ਸਨ।

ਮਹਾਰਾਜਾ ਸਾਹਿਬ ਖੁਦ ਇੱਕ ਕਿਸਾਨ ਪਰਿਵਾਰ ਵਿੱਚੋਂ ਸਨ ਅਤੇ ਕਿਸਾਨਾਂ ਦੀਆਂ ਔਕੜਾਂ ਨੂੰ ਭਲੀ ਭਾਂਤ ਸਮਝਦੇ ਸਨ। ਆਪਣਾ ਰਾਜ ਸਥਾਪਤ ਕਰਨ ਤੋਂ ਬਾਅਦ ਉਨ੍ਹਾਂ ਨੇ ਕਿਸਾਨਾਂ ਦੀ ਹਾਲਤ ਸੁਧਾਰਨ ਵਲ ਵਿਸ਼ੇਸ਼ ਧਿਆਨ ਦਿੱਤਾ। ਕਾਸ਼ਤ ਕਰਨ ਵਾਲਿਆਂ ਨੂੰ ਜ਼ਮੀਨ ਦੀ ਮਲਕੀਅਤ ਦੇ ਹੱਕ ਦੇਣ ਦੇ ਸਿਧਾਂਤ ਨੂੰ ਲਾਗੂ ਕੀਤਾ। ਲਗਾਨ ਦੀ ਵਸੂਲੀ,

ਵਿਚੋਲਿਆਂ ਦੀ ਥਾਂ, ਸਿੱਧੇ ਕਿਸਾਨਾਂ ਤੋਂ ਹੋਣ ਲੱਗੀ। ਖੂਹਾਂ ਦੀ ਮਲਕੀਅਤ ਪਹਿਲੀ ਵਾਰ ਕਿਸਾਨਾਂ ਨੂੰ ਪ੍ਰਾਪਤ ਹੋਈ। ਸਾਮੰਤੀ ਰਾਜ ਵਿੱਚ ਅਜਿਹੇ ਕ੍ਰਾਂਤੀਕਾਰੀ ਸੁਧਾਰਾਂ ਕਾਰਨ, ਪੰਜਾਬ ਸਮਾਂ ਪਾ ਕੇ ਦੇਸ਼ ਵਿੱਚ ਅਨਾਜ ਭੰਡਾਰ ਦਾ ਖੇਤਰ ਕਹਾਉਣ ਲੱਗਾ।

## ਉਦਯੋਗ ਤੇ ਦਸਤਕਾਰੀਆਂ

ਮਹਾਰਾਜਾ ਸਾਹਿਬ ਨੇ ਸਮਝ ਲਿਆ ਸੀ ਕਿ ਜੰਗਾਂ-ਯੁੱਧਾਂ ਕਾਰਨ ਤਬਾਹ ਹੋਏ ਪੰਜਾਬ ਦਾ ਉਦਯੋਗੀਕਰਨ ਬਹੁਤ ਜ਼ਰੂਰੀ ਹੈ। ਮੁਲਤਾਨ ਦਾ ਰੇਸ਼ਮ ਉਦਯੋਗ, ਕਸ਼ਮੀਰ ਦਾ ਪਸ਼ਮੀਨਾ, ਸ਼ਾਲ ਉਦਯੋਗ ਅਤੇ ਚੰਬਾ ਤੇ ਕਸੂਰ ਦੇ ਚੱਪਲ ਉਦਯੋਗ ਨੂੰ ਮਹਾਰਾਜਾ ਦੇ ਸ਼ਾਸਨ ਕਾਲ ਵਿੱਚ ਵਿਸ਼ੇਸ਼ ਉਤਸ਼ਾਹ ਮਿਲਿਆ।

ਅੰਮ੍ਰਿਤਸਰ ਤੇ ਹੁਸ਼ਿਆਰਪੁਰ ਹਾਥੀ ਦੰਦ ਦੇ ਕੰਮ ਲਈ, ਅਜ ਵਾਂਗ ਉਸ ਵੇਲੇ ਵੀ ਜਗਤ ਪ੍ਰਸਿੱਧ ਸਨ। ਮਹਾਰਾਜਾ ਸਾਹਿਬ ਨੇ ਕਸ਼ਮੀਰ ਤੋਂ ਬੇਸ਼ੁਮਾਰ ਕਾਰੀਗਰ ਅੰਮ੍ਰਿਤਸਰ ਲਿਆਂਦੇ ਜੋ ਏਥੇ ਪਸ਼ਮੀਨੇ ਦਾ ਕੰਮ ਕਰਦੇ ਸਨ। ਅੱਜ ਵੀ ਉਨ੍ਹਾਂ ਦੀ ਬ-ਦੌਲਤ ਅੰਮ੍ਰਿਤਸਰ ਇਸ ਉਦਯੋਗ ਵਿੱਚ ਜਗਤ ਪ੍ਰਸਿੱਧ ਨਗਰ ਹੈ। ਸਿਆਲਕੋਟ ਦਾ ਹੱਥ ਦਾ ਤਿਆਰ ਕੀਤਾ ਕਾਗਜ਼ ਭਾਰਤ ਭਰ ਵਿੱਚ ਤੇ ਬਦੇਸ਼ਾਂ ਵਿੱਚ ਵੀ ਜਾਣਿਆ ਜਾਂਦਾ ਸੀ।

ਸੰਸਾਰ ਦੀ ਸਭ ਤੋਂ ਵੱਡੀ ਖਾਣ ਲੂਣ ਦੇ ਭੰਡਾਰ ਵਾਲਾ ਕਸਬਾ, ਖਿਉੜਾ (ਜ਼ਿਲ੍ਹਾ ਜਿਹਲਮ-ਪਾਕਿਸਤਾਨ) ਮਹਾਰਾਜਾ ਸਾਹਿਬ ਦੇ ਰਾਜ ਵਿੱਚ ਸੀ। ਇਥੇ ਲਾਗੇ ਹੀ ਮੀਆਣੀ ਨਾਂ ਦੀ ਇੱਕ ਲੂਣ ਦੀ ਮੰਡੀ ਹੁੰਦੀ ਸੀ, ਜਿਸ ਦਾ ਨਾਂ-ਨਿਸ਼ਾਨ ਮਿਟ ਚੁੱਕਾ ਸੀ। ਮਹਾਰਾਜਾ ਸਾਹਿਬ ਨੇ ਇਹ ਮੰਡੀ ਮੁੜ ਕਾਇਮ ਕੀਤੀ। ਤਿੰਨ ਛੋਟੇ ਛੋਟੇ ਲੂਣ ਦੇ ਵਿਓਪਾਰੀਆਂ ਲਈ ਕਸਬੇ ਵਸਾਏ।

ਮਹਾਰਾਜਾ ਸਾਹਿਬ ਦੀ ਸਰਪ੍ਰਸਤੀ ਹੇਠ ਰੇਸ਼ਮੀ ਲੁੰਗੀਆਂ, ਕਾਲੇ ਪੈਟਰਨ ਵਾਲੇ ਲਾਲ ਸੁਰਖ਼ ਮਿੱਟੀ ਦੇ ਬਰਤਨ, ਚਮੜੇ ਦੀਆਂ ਚਾਬਕਾਂ ਅਤੇ ਬੇੜੀਆਂ ਕਾਰਨ ਪਿੰਡ ਦਾਦਨਖ਼ਾਨ ਨੇ ਕਾਫੀ ਪ੍ਰਸਿੱਧੀ ਪ੍ਰਾਪਤ ਕੀਤੀ। ਸੰਗੇ ਬਦਲ ਜਾਂ ਸਲੇਟੀ ਧਾਰੀ ਵਾਲੀ ਸੰਗਮਰਮਰ, ਜਿਸ ਦੀ ਲਾਹੌਰ ਵਿੱਚ ਬਹੁਤ ਵਰਤੋਂ ਕੀਤੀ ਗਈ ਸੀ, ਵੀ ਇਸੇ ਪਿੰਡ ਲਾਗੇ ਖਾਣਾਂ ਵਿੱਚੋਂ ਕੱਢੀ ਜਾਂਦੀ ਸੀ।

## ਸਾਹਿਤ ਤੇ ਕਲਾ ਦਾ ਵਿਕਾਸ

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਅਮਨ ਹੋਣ ਕਾਰਨ, ਸਾਹਿਤ ਤੇ ਕਲਾ ਦਾ ਕਾਫ਼ੀ ਵਿਕਾਸ ਹੋਇਆ। ਇਸ ਕਾਲ ਵਿੱਚ ਕਿੱਸੇ, ਵਾਰਾਂ, ਜੰਗਨਾਮੇ ਅਤੇ ਹੋਰ ਹਰ ਭਾਂਤ ਦੇ, ਸਾਹਿਤ ਦੀ ਕਾਫ਼ੀ ਰਚਨਾ ਹੋਈ। ਮਹਾਰਾਜਾ ਸਾਹਿਬ ਖ਼ੁਦ ਕਵੀਆਂ ਦੀ ਸਰਪ੍ਰਸਤੀ ਕਰਦੇ ਸਨ ਅਤੇ ਪ੍ਰਸਿੱਧ ਕਵੀ ਹਾਸ਼ਮ, ਉਨ੍ਹਾਂ ਦਾ ਦਰਬਾਰੀ ਕਵੀ ਸੀ, ਜਿਸ ਦੇ ਗੁਜ਼ਾਰੇ ਲਈ ਕੁੱਝ ਜਗੀਰ ਵੀ ਲਾਈ ਹੋਈ ਸੀ। ਹਾਸ਼ਮ ਤੋਂ ਇਲਾਵਾ ਕਾਦਰਯਾਰ ਅਤੇ ਸ਼ਾਹ ਮੁਹੰਮਦ ਕਵੀਆਂ ਦੇ ਨਾਂ ਵਿਸ਼ੇਸ਼ ਵਰਣਨਯੋਗ ਹਨ।

ਪੰਜਾਬੀ ਬੋਲੀ, ਸਾਹਿਤ ਸਿਰਜਣਾ ਲਈ ਉਸ ਵੇਲੇ ਸਿੱਖ, ਹਿੰਦੂ ਤੇ ਮੁਸਲਮਾਨ ਤਿੰਨਾਂ ਫਿਰਕਿਆਂ ਵਲੋਂ ਅਪਣਾਈ ਜਾ ਰਹੀ ਸੀ। ਇਸ ਕਾਲ ਵਿੱਚ ਬ੍ਰਿਜ-ਭਾਸ਼ਾ ਵਿੱਚ ਵੀ ਕਾਫੀ ਰਚਨਾ ਹੋਈ ਤੇ ਕੁੱਝ ਸੂਫ਼ੀ ਸੰਤਾਂ ਨੇ ਵੀ ਕਲਾਮ ਲਿਖੇ। ਸੂਫ਼ੀਆਂ ਵਿੱਚੋਂ ਗੁਲਾਮ-ਜੀਲਾਨੀ ਅਤੇ ਬ੍ਰਿਜ ਭਾਸ਼ਾ ਦੇ ਕਵੀਆਂ ਵਿੱਚੋਂ ਗੁਪਾਲ ਦਾਸ ਅਤੇ ਗੰਗਾ ਰਾਮ ਦੇ ਨਾਂ ਵਰਣਨਯੋਗ ਹਨ।

ਸੰਗੀਤ ਦੇ ਖੇਤਰ ਵਿੱਚ ਸਿੱਖ ਗੁਰੂਆਂ ਦੀ ਸ਼ੁਰੂ ਕੀਤੀ ਕੀਰਤਨ ਪਰੰਪਰਾ ਹੋਰ ਵਿਕਸਤ ਹੋਈ ਅਤੇ ਦੂਜੇ ਪਾਸੇ ਸੂਫ਼ੀਆਂ ਦੇ ਡੇਰਿਆਂ ਵਿੱਚ ਕਵਾਲੀ ਦੀ ਪਰੰਪਰਾ। ਅਤਰ ਖਾਂ ਮਹਾਰਾਜਾ ਦਾ ਮਸ਼ਹੂਰ ਬੰਸਰੀ ਵਾਦਕ ਸੀ।

ਜਿਥੋਂ ਤਕ ਚਿੱਤਰ-ਕਲਾ ਅਤੇ ਭਵਨ ਕਲਾ ਦਾ ਸੰਬੰਧ ਹੈ, ਇਸ ਕਾਲ ਵਿੱਚ ਉਸਾਰੇ ਗਏ ਕਿਲ੍ਹੇ, ਬਾਰਾਂਦਰੀਆਂ, ਸ਼ੀਸ਼ ਮਹਲ ਅਤੇ ਬੁੰਗੇ ਦਸਦੇ ਹਨ ਕਿ ਪੰਜਾਬ ਦੀ ਭਵਨ ਕਲਾ ਉਸ ਵੇਲੇ ਕਾਫ਼ੀ ਅੱਗੇ ਵਧ ਰਹੀ ਸੀ। ਚਿੱਤਰ-ਕਲਾ ਦੇ ਖੇਤਰ ਵਿੱਚ ਕਾਂਗੜਾ ਚਿੱਤਰ - ਕਲਾ ਸ਼ੈਲੀ ਆਪਣੇ ਸਿਖਰ ਉੱਤੇ ਸੀ ਅਤੇ ਉਸ ਸ਼ੈਲੀ ਵਿੱਚ ਬਣੇ ਬਹੁਤ ਸਾਰੇ ਚਿੱਤਰ ਸਾਡੀ ਚਿੱਤਰ-ਕਲਾ ਦੇ ਖਜ਼ਾਨੇ ਦਾ ਬਹੁਮੁੱਲਾ ਵਿਰਸਾ ਹਨ।

## ਸੰਗਠਤ ਫ਼ੌਜ

ਸੰਨ 1822 ਤਕ, ਜਦ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਦੇ ਅੰਦਰ ਵੱਡੀਆਂ ਜਿੱਤਾਂ ਪ੍ਰਾਪਤ ਕਰ ਲਈਆਂ ਤਾਂ ਉਨ੍ਹਾਂ ਮਹਿਸੂਸ ਕੀਤਾ ਕੀ ਜੇ ਉਨ੍ਹਾਂ ਨੇ ਬਰਤਾਨੀਆਂ ਦਾ ਹਾਣੀ ਸਾਬਤ ਹੋਣਾ ਹੈ ਤਾਂ ਉਨ੍ਹਾਂ ਨੂੰ ਕੌਮਾਂਤਰੀ ਪੱਧਰ ਦੀ ਤਾਕਤ ਖੜੀ ਕਰਨੀ ਹੋਵੇਗੀ।

ਸੋ ਉਨ੍ਹਾਂ, ਪੁਰਾਣੀ ਬੁਨਿਆਦ ਕਾਇਮ ਰਖਦੇ ਹੋਏ ਆਪਣੀ ਫ਼ੌਜ ਨੂੰ ਨਵਾਂ ਰੂਪ ਦੇਣਾ ਸ਼ੁਰੂ ਕੀਤਾ। ਫ਼ੌਜ ਦੇ ਤਿੰਨ ਹਿੱਸੇ ਬਣਾਏ। (1) ਬੇਕਵਾਇਦ ਫ਼ੌਜ ਵਿੱਚ ਮਿਸਲਦਾਰ ਸਰਦਾਰਾਂ ਦੀ ਘੋੜ ਸਵਾਰ ਫ਼ੌਜ ਸੀ। (2) ਫ਼ੌਜੇ ਆਇਨ ਵਿੱਚ ਅਫ਼ਗਾਨ, ਗੋਰਖੇ, ਪੂਰਬੀਏ ਸਿਪਾਹੀ, ਜੋ ਬਰਤਾਨਵੀ ਫ਼ੌਜ ਤੋਂ ਲਿਆਂਦੇ ਗਏ ਸਨ ਸ਼ਾਮਲ ਸਨ। (3) ਫ਼ੌਜੇ ਖਾਸ ਨੈਪੋਲੀਅਨ ਦੇ ਜਰਨੈਲਾਂ ਦੀ ਮਦਦ ਨਾਲ ਖੜੀ ਕੀਤੀ ਗਈ ਸੀ।

ਸਰਦਾਰ ਹਰੀ ਸਿੰਘ ਨਲੂਆ, ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ, ਅਕਾਲੀ ਫੂਲਾ ਸਿੰਘ, ਦੀਵਾਨ ਮੋਹਕਮ ਚੰਦ ਵਰਗੇ ਜਰਨੈਲਾਂ ਨੇ ਮਹਾਰਾਜਾ ਸਾਹਿਬ ਦੀ ਸੈਨਕ ਸ਼ਕਤੀ ਨੂੰ ਚਾਰ ਚੰਦ ਲਾਏ। ਇਹੀ ਜਰਨੈਲ ਖਾਲਸਾ ਰਾਜ ਦੇ ਥੰਮ ਸਨ।

ਫ਼ੌਜ ਪ੍ਰਬੰਧ ਤੇ ਸੰਗਠਨ ਵਿੱਚ ਮਹਾਰਾਜਾ ਨੇ ਡੂੰਘੀ ਰਾਜਨੀਤਕ ਅਤੇ ਸੈਨਿਕ ਸੂਝ ਤੇ ਸਿਆਣਪ ਪ੍ਰਗਟ ਕੀਤੀ। ਤੋਪਖ਼ਾਨੇ ਦੀ ਇੱਕ ਵਖਰੀ ਕੋਰ ਖੜੀ ਕਰਨਾ, ਜਿਸ ਦੀ ਨਿਪੁੰਨਤਾ ਤੇ ਸ਼ਲਾਘਾਯੋਗ ਹਾਲਤ ’ਤੇ ਰਣਜੀਤ ਸਿੰਘ ਨੂੰ ਬੜਾ ਮਾਣ ਸੀ, ਇਸ ਗੱਲ ਦਾ ਪ੍ਰਮਾਣ ਹੈ। ਸਿੱਖਾਂ ਦੀਆਂ ਤੋਪਾਂ ਦਾ ਨਿਸ਼ਾਨਾ ਤੇ ਮਾਰ ਅੰਗਰੇਜ਼ੀ ਤੋਪਾਂ ਤੋਂ ਕਿਤੇ ਵਧੀਆ ਸੀ। ਨਾਲੀਦਾਰ ਬੰਦੂਕਾਂ, ਸੰਗੀਨਾਂ ਅਤੇ ਸਾਜ-ਸੱਜਾ ਸਭ ਲਾਹੌਰ ਵਿੱਚ ਬਣਾਏ ਜਾਂਦੇ ਸਨ।

ਇੰਜ ਮਹਾਰਾਜਾ, ਅਣਥੱਕ ਜਤਨਾਂ ਨਾਲ, ਅੱਸੀ ਹਜ਼ਾਰ ਜਵਾਨਾਂ ਤੇ ਤਿੰਨ ਸੌ ਤੋਪਾਂ ਦੀ ਮਾਲਕ ਇੱਕ ਅਜਿਹੀ ਸ਼ਾਨਦਾਰ ਸੁਸਿੱਖਿਅਤ ਤੇ ਸ਼ਕਤੀਸ਼ਾਲੀ ਫ਼ੌਜ ਤਿਆਰ ਕਰਨ ਵਿੱਚ ਕਾਮਯਾਬ ਹੋ ਗਏ ਜੋ ਉਦੋਂ ਸਮੂਹ ਏਸ਼ੀਆ ਦੀ ਸਭ ਤੋਂ ਬਲਵਾਨ ਤੇ ਬਾਜ਼ਾਬਤਾ ਫੌਜ ਮੰਨੀ ਗਈ।

ਜਨਰਲ ਗਫ਼ ਨੇ ਤਾਂ ਇਥੋਂ ਤੀਕ ਕਿਹਾ ਹੈ, “ਸਿੱਖ ਸੈਨਾ, ਉਨ੍ਹਾਂ ਸਭ ਸੈਨਾਵਾਂ ਨਾਲੋਂ ਵਧੇਰੇ ਪ੍ਰਬੀਨ ਤੇ ਹਰਾਉਣ ਵਿੱਚ ਕਰੜੀ ਸੀ ਜਿਨ੍ਹਾਂ ਨਾਲ ਸਾਨੂੰ ਹਿੰਦੁਸਤਾਨ ਵਿੱਚ ਮੁਕਾਬਲਾ ਕਰਨਾ ਪਿਆ।

ਮਹਾਰਾਜਾ ਰਣਜੀਤ ਸਿੰਘ ਦਾ ਆਪਣੀਆਂ ਫ਼ੌਜਾਂ ਉੱਤੇ ਪੂਰਣ ਕੰਟਰੋਲ ਸੀ। ਉਹ ਆਪ ਇੱਕ ਸ੍ਰੇਸ਼ਟ ਘੋੜ ਸਵਾਰ ਅਤੇ ਨਿਪੁੰਨ ਸ਼ਮਸ਼ੀਰਬਾਜ਼ ਸਨ। ਉਨ੍ਹਾਂ ਵਿੱਚ ਅਸਾਧਾਰਨ ਹੌਂਸਲਾ ਸੀ। ਘੋਰ ਲੜਾਈਆਂ ਵਿੱਚ ਉਨ੍ਹਾਂ ਨੇ ਆਪਣੀਆਂ ਫ਼ੌਜਾਂ ਦੀ ਅਗਵਾਈ ਕੀਤੀ ਅਤੇ ਆਪਣੇ ਜੀਵਨ ਦੀ ਪ੍ਰਵਾਹ ਕੀਤੇ ਬਿਨਾਂ ਖ਼ਤਰਿਆਂ ਦਾ ਸਾਹਮਣਾ ਕੀਤਾ। ਨਿਡਰਤਾ ਦੇ ਇਨ੍ਹਾਂ ਗੁਣਾਂ ਕਾਰਣ ਹੀ ਆਪ ਨੂੰ ਸ਼ੇਰ-ਏ-ਪੰਜਾਬ ਕਿਹਾ ਜਾਂਦਾ ਹੈ।



ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ਰਾਣੀ ਜਿੰਦਾਂ ਵਿਆਹ ਸਮੇਂ

## ਸ਼ਾਨਦਾਰ ਦਰਬਾਰ

ਇੱਕ ਨਿਪੁੰਨ ਹੁਕਮਰਾਨ ਵਾਂਗ ਮਹਾਰਾਜਾ ਰਣਜੀਤ ਸਿੰਘ ਨੇ ਇੱਕ ਸ਼ਾਨਦਾਰ ਦਰਬਾਰ ਸਥਾਪਤ ਕੀਤਾ। ਸਟੇਨਬੈਕ ਅਨੁਸਾਰ ਲਾਹੌਰ ਦਰਬਾਰ ਵਰਗਾ ਨੂਰਾਨੀ ਠਾਠ-ਬਾਠ ਤੇ ਕੀਮਤੀ ਵਸਤੂਆਂ ਸ਼ਾਇਦ ਹੀ ਕਿਸੇ ਯੂਰਪੀ ਦਰਬਾਰ ਵਿੱਚ ਹੋਣ।

ਮਹਾਰਾਜ ਖ਼ੁਦ ਇੱਕ ਸੁਨਹਿਰੀ ਕੁਰਸੀ ’ਤੇ ਬਿਰਾਜਮਾਨ ਹੋਇਆ ਕਰਦੇ ਸਨ। ਇੱਕ ਅੱਖ ਖਰਾਬ ਹੋਣ ਅਤੇ ਚਿਹਰੇ ’ਤੇ ਮਾਤਾ ਦੇ ਦਾਗਾਂ ਦੇ ਬਾਵਜੂਦ ਉਨ੍ਹਾਂ ਦੇ ਚਿਹਰੇ ’ਤੇ ਬਹੁਤ ਜਲਾਲ ਸੀ।

ਦਰਬਾਰ ਆਮ ਤੌਰ ’ਤੇ ਲਾਹੌਰ ਦੇ ਕਿਲ੍ਹੇ ਵਿੱਚ ਸੰਮਨ ਬੁਰਜ ਅਤੇ ਮੇਲੇ ਦੇ ਦਿਨਾਂ ਵਿੱਚ ਸ਼ਾਲੀਮਾਰ ਬਾਗ ਵਿੱਚ ਲਗਾਇਆ ਜਾਂਦਾ ਸੀ। ਦਰਬਾਰ ਵਿੱਚ ਗੱਲਬਾਤ ਜ਼ਿਆਦਾ ਕਰਕੇ ਪੰਜਾਬੀ ਭਾਸ਼ਾ ਵਿੱਚ ਹੁੰਦੀ ਸੀ, ਪਰ ਸਰਕਾਰੀ ਕਾਰਵਾਈ ਫਾਰਸੀ ਭਾਸ਼ਾ ਵਿੱਚ ਲਿਖੀ ਜਾਂਦੀ ਸੀ। ਮਹਾਰਾਜਾ ਨੂੰ ਖਰੜੇ ਪੜ੍ਹਕੇ ਸੁਣਾਏ ਜਾਂਦੇ ਸਨ ਅਤੇ ਉਹ ਇਹ ਵੇਖਦੇ ਸਨ ਕਿ ਉਨ੍ਹਾਂ ਦੇ ਹੁਕਮ ਜਿਵੇਂ ਉਨ੍ਹਾਂ ਦਿੱਤੇ ਸਨ, ਮੰਨੇ ਗਏ ਹਨ ਕਿ ਨਹੀਂ। ਉਹ ਆਪ ਫੈਸਲਾ ਕਰਦੇ ਸਨ। ਰਾਜ-ਪ੍ਰਬੰਧ ਦੇ ਕੰਮਾਂ ਵਿੱਚ ਉਹ ਬਹੁਤ ਸਖਤ ਸਨ।

ਮਹਾਰਾਜਾ ਅਨਪੜ੍ਹ ਹੋਣ ਦੇ ਬਾਵਜੂਦ ਵੀ ਤੀਖਣ ਬੁੱਧੀ ਦੇ ਮਾਲਕ ਸਨ। ਅਕਸਰ ਉਹ ਵਿਦਵਾਨਾਂ ਅਤੇ ਪੜ੍ਹੇ-ਲਿਖੇ ਵਿਅਕਤੀਆਂ ਦੀ ਸੰਗਤ ਕਰਦੇ ਸਨ, ਜਿਨ੍ਹਾਂ ਪਾਸੋਂ ਉਹ ਹਕੂਮਤ ਕਰਨ ਦੀਆਂ ਬੇਸ਼ੁਮਾਰ ਨਵੀਆਂ ਤਕਨੀਕਾਂ, ਆਪਣੇ ਦੇਸ਼ ਅਤੇ ਬਾਕੀ ਦੁਨੀਆਂ ਬਾਰੇ ਬਹੁਤ ਕੁੱਝ ਸਿਖਦੇ ਸੁਣਦੇ ਰਹਿੰਦੇ ਸਨ।

## ਤੋਸ਼ਾਖ਼ਾਨਾ

ਮਹਾਰਾਜਾ ਰਣਜੀਤ ਸਿੰਘ ਨੇ ਤੋਸ਼ਾਖ਼ਾਨੇ ਵਿਖੇ ਬੇਸ਼ੁਮਾਰ ਸੋਨਾ, ਚਾਂਦੀ ਅਤੇ ਜਵਾਹਰਾਤ, ਅਣਗਿਣਤ ਕੀਮਤੀ ਹੀਰੇ, ਸੋਨੇ ਦੀ ਰਾਜ ਕੁਰਸੀ, ਹਜ਼ਰਤ ਮੁਹੰਮਤ ਦਾ ਪਵਿੱਤਰ ਸਮਾਰਕ, ਗੁਰੂ ਗੋਬਿੰਦ ਸਿੰਘ ਜੀ ਦੀ ਸੁਨਹਿਰੀ ਕਲਗੀ, ਈਰਾਨੀ ਨਾਇਕ ਰੁਸਤਮ ਦੀ ਤਲਵਾਰ, ਸ਼ਾਨਦਾਰ ਕਸ਼ਮੀਰੀ ਸ਼ਾਲਾਂ ਨਾਲ ਭਰੇ ਕਮਰੇ ਆਦਿਕ ਬੇਸ਼ੁਮਾਰ ਕੀਮਤੀ ਵਸਤਾਂ ਸਨ। ਜਿਹੜਾ ਵੀ ਮਾਨਯੋਗ ਮਹਿਮਾਨ ਇਹ ਤੋਸ਼ਾਖ਼ਾਨਾ ਵੇਖਦਾ ਸੀ, ਹੈਰਾਨ ਰਹਿ ਜਾਂਦਾ ਸੀ। ਪੰਜਾਹ ਲੱਖ ਰੁਪਏ ਦੇ ਹੀਰੇ ਕੇਵਲ ਘੋੜਿਆਂ ਦੀ ਸਜਾਵਟ ਲਈ ਰੱਖੇ ਹੋਏ ਸਨ। ਘੱਟੋ ਘੱਟ



ਰਾਣੀ ਜਿੰਦਾਂ

1300 ਕਿਸਮਾਂ ਦੇ ਲਗਾਮ ਅਜਿਹੇ ਸਨ, ਜਿਨ੍ਹਾਂ 'ਤੇ ਕਾਫ਼ੀ ਜ਼ਿਆਦਾ ਸੋਨਾ ਅਤੇ ਚਾਂਦੀ ਚੜ੍ਹਾਈ ਗਈ ਸੀ ਅਤੇ ਕਈਆਂ 'ਤੇ ਹੀਰੇ ਵੀ ਜੜ੍ਹੇ ਹੋਏ ਸਨ। ਹਾਥੀਆਂ ਦੀ ਸਜਾਵਟ ਲਈ ਜਵਾਹਰਾਤ ਵੱਖਰੇ ਸਨ। ਸ਼ਹਿਜ਼ਾਦੇ ਵੀ ਬਹੁਤ ਕੀਮਤੀ ਹੀਰੇ-ਜਵਾਹਰਾਤ ਪਹਿਨਦੇ ਸਨ। ਸਭ ਤੋਂ ਕੀਮਤੀ ਤੇ ਜਗਤ ਪ੍ਰਸਿੱਧ ਹੀਰਾ ਕੋਹਿਨੂਰ ਮਹਾਰਾਜਾ ਸਾਹਿਬ ਦੇ ਬਾਜੂ ਬੰਦ 'ਤੇ ਜੜ੍ਹਿਆ ਹੋਇਆ ਸੀ।

## ਸਾਦਗੀ

ਮਹਾਰਾਜਾ ਰਣਜੀਤ ਸਿੰਘ ਆਪਣੇ ਆਲੇ-ਦੁਆਲੇ ਹਰ ਚੀਜ਼ ਵਿੱਚ ਠਾਠ-ਬਾਠ ਤੇ ਸ਼ਾਨ-ਸ਼ੌਕਤ ਵੇਖਣ ਦੇ ਬੜੇ ਚਾਹਵਾਨ ਸਨ। ਪਰ ਰਾਜ-ਦਰਬਾਰ ਵਿੱਚ ਸਜ ਧਜ ਹੋਣ ਦੇ ਬਾਵਜੂਦ ਉਹ ਖ਼ੁਦ ਪਹਿਰਾਵੇ ਵਿੱਚ ਬੜੇ ਸਾਦੇ ਸਨ। ਇੱਕ ਸੁਨਹਿਰੀ ਕੁਰਸੀ 'ਤੇ ਲੱਤ ਰੱਖੇ, ਉਹ ਗਰਮੀਆਂ ਵਿੱਚ ਸਫੈਦ ਮਲਮਲ ਤੇ ਸਰਦੀਆਂ ਵਿੱਚ ਪਸ਼ਮੀਨਾ ਪਹਿਨ ਕੇ ਰਖਦੇ ਸਨ। ਤਾਜ ਦੀ ਥਾਂ ਇੱਕ ਸਾਦੀ ਪਗੜੀ ਬੰਨੀ ਹੁੰਦੀ ਸੀ। ਕੋਈ ਗਹਿਣਾ ਨਹੀਂ ਸਨ ਪਾਉਂਦੇ। ਕੇਵਲ ਕਮਰ ਦੇ ਦੁਆਲੇ ਸੁੱਚੇ ਮੋਤੀਆਂ ਦੀ ਮਾਲਾ ਅਤੇ ਆਪਣੀ ਇੱਕ ਬਾਂਹ ਉੱਤੇ ਮਸ਼ਹੂਰ ਹੀਰਾ ਕੋਹਿਨੂਰ ਸਜਾਇਆ ਹੁੰਦਾ ਸੀ।

## ਯਾਦਦਾਸ਼ਤ

ਮਹਾਰਾਜਾ ਬੜੇ ਮਿਲਣਸਾਰ ਅਤੇ ਖੁੱਲ੍ਹੇ ਡੁੱਲ੍ਹੇ ਵਿਚਾਰਾਂ ਦੇ ਮਾਲਕ ਸਨ। ਗੱਲਬਾਤ ਬਹੁਤ ਦਿਲਚਸਪੀ ਨਾਲ ਕਰਦੇ ਅਤੇ ਸੁਣਦੇ ਸਨ। ਉਹ ਵਿਦੇਸ਼ੀਆਂ ਨੂੰ ਅਣਗਿਣਤ ਅਜਿਹੇ ਸਵਾਲ ਕਰਦੇ ਸਨ, ਜਿਸ ਨਾਲ ਵਿਦੇਸ਼ੀ ਹੈਰਾਨ ਰਹਿ ਜਾਂਦੇ ਸਨ। ਮਹਾਰਾਜਾ ਦੀ ਯਾਦਦਾਸ਼ਤ ਬਹੁਤ ਤੇਜ਼ ਸੀ। ਚੇਤਾ ਇਨ੍ਹਾਂ ਤੇਜ਼ ਸੀ ਕਿ ਹਰ ਇੱਕ ਨੂੰ ਨਾਮ ਲੈ ਕੇ ਬੁਲਾਉਂਦੇ ਸਨ। ਆਪਣੇ ਰਾਜ ਦੇ ਸਾਰੇ ਸ਼ਹਿਰਾਂ ਅਤੇ ਪਿੰਡਾਂ ਦੇ ਨਾਮ ਯਾਦ ਸਨ। ਇਥੋਂ ਤਕ ਦਸ ਦਿੰਦੇ ਸਨ ਕਿ ਫਲਾਣੇ ਸ਼ਹਿਰ ਜਾਂ ਨਗਰ ਵਿੱਚੋਂ ਇਤਨਾ ਮਾਮਲਾ ਆਉਂਦਾ ਹੈ। ਉਨ੍ਹਾਂ ਦੀ ਪ੍ਰਤਿਭਾ ਅਤੇ ਨਿਪੁੰਨਤਾ ਕੁਦਰਤੀ ਹੀ ਸੀ।



**ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਮਹਾਰਾਜਾ ਦਲੀਪ ਸਿੰਘ**

# ਸੇਵਾ ਤੇ ਦਾਨ ਪੁੰਨ

ਮਹਾਰਾਜਾ ਰਣਜੀਤ ਸਿੰਘ ਫਕੀਰਾਂ ਤੇ ਪਵਿੱਤਰ ਪੁਰਸ਼ਾਂ ਲਈ ਬਹੁਤ ਦਾਨ-ਪੁੰਨ ਕਰਦੇ ਸਨ ਅਤੇ ਉਨ੍ਹਾਂ ਦੀਆਂ ਅਸੀਸਾਂ ਪ੍ਰਾਪਤ ਕਰਦੇ ਸਨ। ਸਾਧਾਂ ਸੰਤਾਂ ਅਤੇ ਭਾਈਆਂ-ਗਿਆਨੀਆਂ ਨੂੰ ਸਤਿਕਾਰਦੇ ਅਤੇ ਜਗੀਰਾਂ ਆਦਿ ਨਾਲ ਨਿਵਾਜ਼ਦੇ ਸਨ। ਮਹਾਰਾਜਾ ਦੇ ਹਿਰਦੇ ਵਿੱਚ ਸਿੱਖ ਸ਼ਹੀਦਾਂ ਲਈ ਬੜੀ ਸ਼ਰਧਾ ਤੇ ਸਤਿਕਾਰ ਸੀ। ਆਪ ਨੇ ਉਨ੍ਹਾਂ ਦੀਆਂ ਯਾਦਗਾਰਾਂ ਨਾਲ ਜਾਗੀਰਾਂ ਲਾ ਦਿੱਤੀਆਂ ਸਨ। ਲਾਹੌਰ ਦੇ ਸ਼ਹੀਦ ਗੰਜ ਗੁਰਦੁਆਰੇ ਦੇ ਦਰਸ਼ਨਾਂ ਲਈ ਤਾਂ ਆਪ ਅਕਸਰ ਜਾਇਆ ਕਰਦੇ ਸਨ।

ਸ਼ੇਰੇ-ਏ-ਪੰਜਾਬ ਨੇ ਗ਼ਰੀਬਾਂ ਤੇ ਮੁਥਾਜਾਂ ਦੀ ਖੁਸ਼ੀ ਤੇ ਅਸੀਸ ਲੈਣ ਲਈ ਵੀ ਕਈ ਪ੍ਰਬੰਧ ਕੀਤੇ ਹੋਏ ਸਨ। ਆਪ ਦੇ ਸਿਰਹਾਣੇ ਹੇਠ ਹਰ ਰਾਤ ਇੱਕ ਸੌ ਰੁਪਿਆ ਰੱਖਿਆ ਜਾਂਦਾ ਸੀ, ਜੋ ਸਵੇਰ-ਸਾਰ, ਭਾਈ ਰਾਮ ਸਿੰਘ ਰਾਹੀਂ, ਗ਼ਰੀਬਾਂ ਵਿੱਚ ਵੰਡ ਦਿੱਤਾ ਜਾਂਦਾ ਸੀ। ਲਾਹੌਰ ਤੇ ਅੰਮ੍ਰਿਤਸਰ ਵਿੱਚ ਸਦਾ-ਬਰਤ ਲੰਗਰ ਜਾਰੀ ਕੀਤੇ ਹੋਏ ਸਨ, ਜੋ ਹਰ ਪ੍ਰਾਣੀ ਲਈ ਹਰ ਸਮੇਂ ਖੁੱਲ੍ਹੇ ਰਹਿੰਦੇ ਸਨ। ਲਾਹੌਰ ਤੇ ਅੰਮ੍ਰਿਤਸਰ ਦੇ ਵਿਚਾਲੇ ਪੁਲ ਕੰਜਰੀ ਉੱਤੇ ਵੀ ਇੱਕ ਅਜਿਹਾ ਲੰਗਰ ਚਾਲੂ ਸੀ, ਜਿਥੋਂ ਹਰ ਗ਼ਰੀਬ ਤੇ ਮੁਸਾਫਰ ਨੂੰ ਖਾਣਾ ਮੁਫਤ ਮਿਲ ਜਾਇਆ ਕਰਦਾ ਸੀ।

ਹਰ ਸੰਗ੍ਰਾਂਦ ਨੂੰ ਮਹਾਰਾਜਾ ਅੰਮ੍ਰਿਤਸਰ ਜਾ ਕੇ ਦਰਬਾਰ ਸਾਹਿਬ ਵਿਖੇ ਅਰਦਾਸਾਂ ਕਰਦੇ ਸਨ। ਇਸ ਮਗਰੋਂ 'ਤੁਲਾਦਾਨ' ਰਾਹੀਂ ਸੋਨਾ, ਚਾਂਦੀ, ਹਾਥੀ, ਘੋੜੇ, ਗਊਆਂ ਤੇ ਮੱਝਾਂ ਆਦਿ ਦਾਨ ਕਰਿਆ ਕਰਦੇ ਸਨ। ਇਵੇਂ ਹੀ ਹਰ ਅਮਾਵਸ ਨੂੰ 'ਤੁਲਾਦਾਨ' ਰਾਹੀਂ ਬ੍ਰਾਹਮਣਾਂ ਨੂੰ ਅੰਨ-ਧਨ ਦੇ ਕੇ ਸਤਿਕਾਰਦੇ। ਵਿਸਾਖੀ, ਦੁਸਹਿਰੇ ਤੇ ਦੀਵਾਲੀ ਦੇ ਅਵਸਰਾਂ 'ਤੇ ਵੀ ਵਿਸ਼ੇਸ਼ ਤੁਲਾਦਾਨਾਂ ਰਾਹੀਂ ਹਜ਼ਾਰਾਂ ਰੁਪਏ ਤੇ ਮਾਲ-ਧਨ ਧਰਮ-ਅਰਥ ਦਿੱਤੇ ਜਾਂਦੇ ਸਨ। ਦੀਵਾਲੀ ਵਾਲੇ ਦਿਨ ਤਾਂ ਆਪ ਨੂੰ ਸੋਨੇ ਨਾਲ ਤੋਲਿਆ ਜਾਂਦਾ ਸੀ।

ਮੁਨਸ਼ੀ ਸੋਹਣ ਲਾਲ ਅਨੁਸਾਰ ਦਾਨ-ਪੁੰਨ ਵਿਭਾਗ ਦਾ ਖ਼ਰਚ ਲਗਭਗ ਵੀਹ ਹਜ਼ਾਰ ਰੁਪਏ ਸਾਲਾਨਾ ਸੀ ਜੋ ਕਿ ਕੁਲ ਸਰਕਾਰੀ ਆਮਦਨ ਦਾ ਦਸਵਾਂ ਹਿੱਸਾ ਭਾਵ ਦਸਵੰਧ ਹੁੰਦਾ ਸੀ। ਕਾਲ ਦੇ ਸਮੇਂ ਤਾਂ ਮਹਾਰਾਜਾ ਸਾਹਿਬ ਖ਼ਜ਼ਾਨਿਆਂ ਦੇ ਮੂੰਹ ਖੋਲ੍ਹ ਦਿੰਦੇ ਸਨ। ਇੰਜ

ਮਹਾਰਾਜਾ ਦੀ ਉਦਾਰਤਾ ਤੇ ਦਾਨ ਵੀਰਤਾ ਉਨ੍ਹਾਂ ਦੀ ਸੂਰਬੀਰਤਾ ਵਾਂਗ ਹੀ ਜਗਤ-ਪ੍ਰਸਿੱਧ ਸੀ।

ਰਣ-ਭੂਮੀ ਵਿੱਚ, ਆਪਣੇ ਦਸਤੂਰ ਅਨੁਸਾਰ, ਮਹਾਰਾਜਾ ਰਣਜੀਤ ਸਿੰਘ ਆਪਣੀਆਂ ਬਾਹਾਂ ਸੋਨੇ ਦੇ ਕੰਗਣਾਂ ਨਾਲ ਪਰੋ ਕੇ ਲਿਜਾਂਦੇ ਸਨ। ਜਿੱਥੇ ਤੇ ਜਦੋਂ ਵੀ ਕਿਸੇ ਸਿਪਾਹੀ ਦੀ ਬਹਾਦਰੀ ਦਾ ਕੋਈ ਕਾਰਨਾਮਾ ਉਨ੍ਹਾਂ ਨੂੰ ਨਜ਼ਰ ਆ ਜਾਂਦਾ ਸੀ, ਉਹ ਉਸ ਨੂੰ ਉਸੇ ਵੇਲੇ ਸੋਨੇ ਦੇ ਕੰਗਣਾਂ ਦੀ ਜੋੜੀ ਨਾਲ ਉਥੇ ਹੀ ਨਿਵਾਜ਼ ਦਿੰਦੇ ਸਨਃ

## ਦਇਆ ਤੇ ਖ਼ਿਮਾਸ਼ੀਲਤਾ

ਨਰਮ ਅਤੇ ਰਹਿਮ ਦਿਲ ਦੇ ਮਾਲਕ ਮਹਾਰਾਜਾ ਰਣਜੀਤ ਸਿੰਘ ਇਨਸਾਨੀ ਜੀਵਨ ਦੀ ਬਹੁਤ ਕਦਰ ਕਰਦੇ ਸਨ। ਆਪ ਨੇ ਆਪਣੇ 40 ਸਾਲਾ ਸ਼ਾਸਨ-ਕਾਲ ਵਿੱਚ ਮੌਤ ਦੀ ਸਜ਼ਾ ਕਿਸੇ ਨੂੰ ਵੀ ਨਾ ਦੇਣ ਦੀ ਨੀਤੀ, ਸਭ ਜਗ੍ਹਾ ਸਫਲਤਾ ਨਾਲ ਲਾਗੂ ਕਰਵਾਈ। ਕਿਸੇ ਘੋਰ ਅਪਰਾਧ ਦੇ ਦੋਸ਼ੀ ਨੂੰ ਵੀ ਕਦੇ ਮੌਤ ਜਾਂ ਅੰਗ-ਕਟਾਈ ਦੀ ਸਜ਼ਾ ਨਹੀਂ ਸੀ ਦਿੱਤੀ ਗਈ।

ਬੈਰਨ ਹਯੂਗੇਲ ਅਨੁਸਾਰ, "ਇਕੱਲੇ ਮਨੁੱਖ ਵਲੋਂ ਏਨੀ ਵੱਡੀ ਸਲਤਨਤ ਏਨੇ ਘੱਟ ਖ਼ੂਨ ਖਰਾਬੇ ਨਾਲ ਸਥਾਪਤ ਹੋਣ ਦੀ ਮਿਸਾਲ ਸ਼ਾਇਦ ਹੀ ਦੁਨੀਆਂ ਵਿੱਚ ਕਿਤੇ ਮਿਲਦੀ ਹੋਵੇ।"

ਮਹਾਰਾਜਾ ਨੇ ਸਿੱਖ ਮਿਸਲਦਾਰਾਂ, ਰਾਜਪੂਤ ਰਾਜਿਆਂ, ਪਠਾਣ ਹਾਕਮਾਂ ਤੇ ਅਫ਼ਗਾਨ ਬਾਦਸ਼ਾਹਾਂ ਨੂੰ ਇੱਕ ਇੱਕ ਕਰਕੇ ਜਿੱਤਿਆ, ਪਰ ਸਿਵਾਏ ਖੁੱਲ੍ਹੇ ਮੈਦਾਨ ਵਿੱਚ ਹੋਈ ਲੜਾਈ ਦੇ, ਕਦੇ ਕਿਸੇ ਨੂੰ ਜਾਨੋਂ ਨਹੀਂ ਮਾਰਿਆ, ਭਾਵੇਂ ਉਹਨਾਂ ਦੀ ਆਪਣੀ ਜਾਨ ਲੈਣ ਦੇ ਇੱਕ ਤੋਂ ਵੱਧ ਜਤਨ ਹੋ ਚੁੱਕੇ ਸਨ। ਜਦੋਂ ਉਨ੍ਹਾਂ ਦੀ ਆਪਣੀ ਜਾਨ ਉੱਤੇ ਵਾਰ ਹੋਇਆ ਸੀ, ਉਦੋਂ ਵੀ ਸੰਬੰਧਤ ਮੁਜ਼ਰਮ ਨੂੰ ਜਾਨੋਂ ਮਾਰਨ ਦੀ ਸਜ਼ਾ ਨਹੀਂ ਸੀ ਦਿੱਤੀ ਗਈ। ਮਹਾਰਾਜਾ ਸਾਹਿਬ ਦੇ ਕੱਟੜ ਦੁਸ਼ਮਣ ਵੀ ਜਦੋਂ ਉਹਨਾਂ ਦੇ ਸਾਹਮਣੇ ਪੇਸ਼ ਕੀਤੇ ਜਾਂਦੇ ਤਾਂ ਉਹ ਵਧੇਰੇ ਤਰਸ ਤੇ ਖਿਮਾਂ ਤੋਂ ਕੰਮ ਲੈਂਦੇ ਸਨ। ਅਸਲ ਵਿੱਚ ਉਹ ਦੋਸ਼ੀਆਂ ਨੂੰ ਸਖਤੀ ਦੀ ਥਾਂ ਬਖ਼ਸ਼ਿਸ ਦੇ ਭਾਰ ਹੇਠਾਂ ਇੰਨਾ ਦਬਾ ਲੈਂਦੇ ਸਨ ਕਿ ਉਹ ਉਸ ਦੇ ਅਸਰ ਹੇਠ ਅੱਗੇ ਤੋਂ ਸੁਤੇ ਸਿਧ ਹੀ ਸੁਧਰ ਜਾਂਦੇ ਸਨ।

ਸਰ ਹੈਨਰੀ ਲਾਰੰਸ ਨੇ ਲਿਖਿਆ ਹੈ, "ਤਖਤੋਂ-ਲੱਥੇ ਰਾਜ ਘਰਾਣਿਆਂ ਦੇ ਜੀਅ ਦਿੱਲੀ ਤੇ ਕਾਬਲ ਵਿੱਚ ਅਤਿ ਗ਼ਰੀਬੀ ਤੇ ਬੇਬਸੀ ਵਿੱਚ ਵਿਚਰਦੇ ਨਜ਼ਰ ਆਉਂਦੇ ਹਨ। ਪਰ ਪੰਜਾਬ ਵਿੱਚ ਕੋਈ ਵੀ ਅਜਿਹਾ ਘਰਾਣਾ ਨਜ਼ਰ ਨਹੀਂ ਆਉਂਦਾ, ਜਿਸ ਦੇ ਰਾਜ-ਖੇਤਰ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਫਤਿਹ ਕਰਨ ਉਪਰੰਤ ਚੋਖੀ ਜਾਗੀਰ ਜਾਂ ਪੈਨਸ਼ਨ ਨਾਲ ਨਿਵਾਜ਼ ਕੇ ਅਜਿਹੀ ਬੇਬਸੀ ਤੇ ਰੁਸਵਾਈ ਤੋਂ ਬਚਾ ਨਾ ਲਿਆ ਹੋਵੇ।"

ਬਹੁਤੀਆਂ ਮਿਸਲਾਂ ਦੇ ਸਰਦਾਰ ਲਾਹੌਰ ਦਰਬਾਰ ਵਿੱਚ ਨਾਮਵਰ ਦਰਬਾਰੀਆਂ ਵਿਚਕਾਰ ਆਦਰ ਤੇ ਸਤਿਕਾਰ ਵਾਲਾ ਸਥਾਨ ਪ੍ਰਾਪਤ ਕਰ ਗਏ ਸਨ। ਇਸੇ ਤਰ੍ਹਾਂ ਜੰਮੂ ਦੇ ਡੋਗਰੇ ਕਾਂਗੜੇ ਦੇ ਰਾਜਪੂਤ, ਬਸੌਲੀ, ਚੰਬੇ, ਮੰਡੀ ਸੁਕੇਤ, ਕੁੱਲੂ ਆਦਿ ਦੇ ਨਿੱਕੇ ਮੋਟੇ ਸਮੂਹ ਪਹਾੜੀ ਰਾਜੇ, ਰਣਜੀਤ ਸਿੰਘ ਦੀ ਸ਼ਰਨ ਵਿੱਚ ਆ ਕੇ ਨਾ ਕੇਵਲ ਸੁਰੱਖਿਅਤ ਮਹਿਸੂਸ ਕਰਨ ਲੱਗੇ ਸਗੋਂ ਸਰਕਾਰ ਖਾਲਸਾ 'ਤੇ ਮਾਣ ਵੀ ਕਰਨ ਲਗ ਪਏ ਸਨ।

## ਖੁਸ਼ਮਿਜਾਜ਼ੀ (ਕੁਝ ਕਹਾਣੀਆਂ)

ਮਹਰਾਜਾ ਰਣਜੀਤ ਸਿੰਘ ਇੱਕ ਸੂਰਬੀਰ ਤੇ ਨਿਰਭੈ ਯੋਧਾ ਹੋਣ ਦੇ ਨਾਲ ਨਾਲ ਇੱਕ ਦਰਿਆਦਿਲ, ਹਸਮੁਖ ਅਤੇ ਖੁਸ਼-ਰਹਿਣਾ ਇਨਸਾਨ ਵੀ ਸੀ। ਉਸ ਦੇ ਅਜਿਹੇ ਸੁਭਾਅ ਬਾਰੇ ਕਈ ਕਹਾਣੀਆਂ ਪ੍ਰਸਿੱਧ ਹਨ।

ਇੱਕ ਵਾਰ ਮਹਾਰਾਜੇ ਦੀ ਸਵਾਰੀ ਜਾ ਰਹੀ ਸੀ ਤਾਂ ਇੱਕ ਮਾਈ ਨੇ ਟਿਚਕਰ ਨਾਲ ਉੱਚੀ ਆਵਾਜ਼ ਵਿੱਚ ਕਿਹਾ, "ਰਣਜੀਤ ਸਿੰਘ ਕਾਣਾ,

ਪੰਜ ਰੁਪਏ ਖੱਡੀ, ਛੇ ਰੁਪਏ ਤਾਣਾ।"

ਮਹਾਰਾਜੇ ਨੇ ਉਸ ਮਾਈ ਨੂੰ ਆਪਣੇ ਕੋਲ ਬੁਲਾਇਆ। ਉਹ ਡਰਦੀ ਡਰਦੀ ਆਈ ਤਾਂ ਮਹਾਰਾਜੇ ਨੇ ਬੜੇ ਠਰ੍ਹਮੇ ਨਾਲ ਕਿਹਾ, "ਜੋ ਕੁਝ ਕਿਹਾ ਈ, ਇੱਕ ਵਾਰ ਫਿਰ ਕਹਿ।" ਜਦ ਉਸ ਨੇ ਕੰਬਦੀ ਆਵਾਜ਼ ਵਿੱਚ ਫੇਰ ਉਹੋ ਸ਼ਬਦ ਕਹੇ ਤਾਂ ਮਹਾਰਾਜਾ ਖਿੜਖਿੜਾ ਕੇ ਹੱਸ ਪਏ ਤੇ ਮਾਈ ਨੂੰ ਇਨਾਮ ਦੇ ਕੇ ਅੱਗੇ ਚਲੇ ਗਏ।

ਜਦ ਇੱਕ ਮਿਹਤਰਾਨੀ ਆਪਣੇ ਰੋਂਦੇ ਬੱਚੇ ਨੂੰ ਚੁੱਪ ਕਰਾਉਣ ਲਈ ਲੋਰੀ ਦੇ ਰਹੀ ਸੀ,

"ਆਕੜ ਮੁੰਡਿਆ ਆਕੜ, ਰਣਜੀਤ ਸਿੰਘ ਤੇਰਾ ਚਾਕਰ।
ਸਦਾਂ ਤੇਰੀ ਦਾਈ, ਮਹਿਤਾਬ ਕੌਰ ਦੌੜਦੀ ਆਈ।"

ਤਾਂ ਅਹਿਲਕਾਰਾਂ ਪਕੜ ਮੰਗਾਈ ਸੀ ਕਿ ਉਹ ਮਹਾਰਾਜਾ ਤੇ ਉਸ ਦੇ ਖਾਨਦਾਨ ਸੰਬੰਧੀ ਕੁਬੋਲ ਬੋਲ ਰਹੀ ਹੈ। ਮਹਾਰਾਜਾ ਰਣਜੀਤ ਸਿੰਘ ਨੇ ਉਸ ਸਮੇਂ ਉਸ ਮਾਈ ਨੂੰ ਨਾ ਸਿਰਫ ਇਨਾਮ ਦਿੱਤਾ ਸਗੋਂ ਕਿਹਾ, "ਠੀਕ ਕਿਹਾ ਹੈ ਮਾਈ ਨੇ। ਰਾਜਾ ਚਾਕਰ ਹੋਣਾ ਚਾਹੀਦਾ ਹੈ ਤੇ ਉਸ ਦੇ ਰਿਸ਼ਤੇਦਾਰ, ਮਾਂ, ਸੱਸ ਜਾਂ ਘਰਵਾਲੀ ਤੱਕ ਸੇਵਕਾਵਾਂ।"

ਮਹਾਰਾਜਾ ਰਣਜੀਤ ਸਿੰਘ ਨੂੰ ਮਹਾਂ ਦਾਨੀ ਹੋਣ ਕਰ ਕੇ ਪਾਰਸ ਕਿਹਾ ਜਾਂਦਾ ਸੀ। ਇੱਕ ਵਾਰ ਇੱਕ ਬ੍ਰਿਧ ਔਰਤ ਨੇ ਜਦ ਮਹਾਰਾਜੇ ਦੀ ਸਵਾਰੀ ਲਾਹੌਰ ਸ਼ਹਿਰ 'ਚੋਂ ਲੰਘਦੀ ਦੇਖੀ ਤਾਂ ਉਹ ਆਪਣੇ ਘਰੋਂ ਇੱਕ ਤਵਾ ਚੁੱਕ ਲਿਆਈ ਤੇ ਬੜੇ ਹੱਠ ਨਾਲ ਦਰਬਾਰੀਆਂ ਅਤੇ ਅਹਿਲਕਾਰਾਂ ਦੀਆਂ ਸਫਾਂ ਚੀਰਦੀ ਹੋਈ ਸ਼ੇਰੇ-ਪੰਜਾਬ ਤਕ ਜਾ ਪਹੁੰਚੀ ਪਰ ਉਥੇ ਉਸ ਨੂੰ ਚੋਬਦਾਰਾਂ ਨੇ ਰੋਕ ਦਿੱਤਾ। ਜਦ ਮਾਈ ਨੇ ਰੌਲਾ ਪਾਇਆ ਤਾਂ ਮਹਾਰਾਜਾ ਨੇ ਘੋੜਾ ਰੋਕ ਕੇ ਉਸ ਨੂੰ ਕਿਹਾ, "ਅੰਮਾਂ! ਤੂੰ ਕਹਿਣਾ ਕੀ ਚਾਹੁੰਦੀ ਹੈਂ? ਛੇਤੀ ਦਸ" ਮਾਈ ਹੋਰ ਅੱਗੇ ਹੋਈ ਤੇ ਆਪਣਾ ਕਾਲਾ ਤਵਾ ਛੇਤੀ ਛੇਤੀ ਮਹਾਰਾਜਾ ਦੇ ਪੈਰਾਂ ਨਾਲ ਮਲਣ ਲੱਗੀ। ਮਾਈ ਦੀ ਇਸ ਹਰਕਤ ਨੂੰ ਮਹਾਰਾਜੇ ਦੀ ਬੇਅਦਬੀ ਸਮਝ ਕੇ ਅਹਿਲਕਾਰਾਂ ਨੇ ਧੱਕੇ ਮਾਰਨੇ ਚਾਹੇ ਪਰ ਮਹਾਰਾਜਾ ਨੇ ਉਨ੍ਹਾਂ ਨੂੰ ਇੰਜ ਕਰਨ ਤੋਂ ਮਨ੍ਹਾ ਕਰਕੇ ਮਾਈ ਨੂੰ ਪੁੱਛਿਆ, "ਅੰਮਾਂ! ਇਹ ਤੂੰ ਕੀ ਕਰਦੀ ਹੈਂ?" ਮਾਈ ਬੜੀ ਸ਼ਰਧਾ ਨਾਲ ਬੋਲੀ, "ਸਰਕਾਰ! ਲੋਕ ਆਖਦੇ ਹਨ ਕਿ ਸਾਡਾ ਮਹਾਰਾਜਾ ਪਾਰਸ ਹੈ ਤੇ ਜੇ ਪਾਰਸ ਨਾਲ ਲੋਹਾ ਛੂਹ ਜਾਏ ਤਾਂ ਸੋਨਾ ਬਣ ਜਾਂਦਾ ਹੈ। ਮੈਂ ਗਰੀਬਣੀ ਹਾਂ, ਆਪਣੇ ਬੁੱਢਾਪੇ ਦੇ ਗੁਜ਼ਾਰੇ ਲਈ ਆਪਣਾ ਲੋਹੇ ਦਾ ਤਵਾ ਸੋਨੇ ਦਾ ਬਣਾਉਣਾ ਚਾਹੁੰਦੀ ਹਾਂ ਤਾਂ ਜੋ ਰਹਿੰਦੀ ਉਮਰ ਸੁਖੀ ਬੀਤੇ।" ਮਹਾਰਾਜਾ ਇਹ ਸੁਣਕੇ ਖਿੜ ਖਿੜ ਹੱਸਿਆ ਤੇ ਖਜ਼ਾਨਚੀ ਨੂੰ ਹੁਕਮ ਦਿੱਤਾ ਕਿ ਮਾਈ ਦੇ ਤਵੇ ਦੇ ਬਰਾਬਰ ਸੋਨਾ ਤੋਲ ਕੇ ਦੇ ਦੇਵੇ। ਹੁਕਮ ਦੀ ਪਾਲਣਾ ਹੋਈ ਤੇ ਮਾਈ ਅਸੀਸਾਂ ਦਿੰਦੀ ਘਰ ਚਲੀ ਗਈ।

ਇੱਕ ਵਾਰ ਮਹਾਰਾਜਾ ਦੀ ਸਵਾਰੀ ਲੰਘ ਰਹੀ ਸੀ ਤਾਂ ਇੱਕ ਆਦਮੀ ਦੀ ਇੱਕ ਮਿਰਾਸੀ ਨਾਲ ਸ਼ਰਤ ਲੱਗ ਗਈ ਕਿ ਉਹ ਮਿਰਾਸੀ ਮਹਾਰਾਜੇ ਦੇ ਮੂੰਹ 'ਤੇ ਉਸ ਨੂੰ ਕਾਣਾ



ਮਹਾਰਾਜਾ ਰਣਜੀਤ ਸਿੰਘ ਮਿਰਾਸੀ ਨੂੰ ਗਲੇ ਲਗਾ ਕੇ ਖ਼ੁਸ਼ ਹੁੰਦੇ ਹੋਏ

ਨਹੀਂ ਸੀ ਕਹਿ ਸਕਦਾ ਪਰ ਉਹ ਮਿਰਾਸੀ ਕਹਿੰਦਾ ਸੀ ਕਿ ਇਹ ਉਸ ਲਈ ਬੜੀ ਮਾਮੂਲੀ ਗੱਲ ਹੈ। ਮਹਾਰਾਜੇ ਨੂੰ ਵੀ ਉਹਨਾਂ ਦੋਨਾਂ ਦੀਆਂ ਗੱਲਾਂ ਦੀ ਭਿਣਕ ਪੈ ਗਈ ਤੇ ਉਹ ਜਾਣ ਬੁੱਝ ਕੇ ਆਪਣਾ ਘੋੜਾ ਰੋਕ ਕੇ ਉੱਥੇ ਹੀ ਖੜੇ ਹੋ ਗਏ। ਮਿਰਾਸੀ ਵੀ ਝਟ ਮੌਕਾ ਤਾੜ ਕੇ ਅੱਗੇ ਵਧਿਆ ਤੇ ਮਹਾਰਾਜੇ ਨੂੰ ਇਹ ਕਹਿ ਕੇ ਇਨਾਮ ਵੀ ਲਿਆ ਤੇ ਸ਼ਰਤ ਵੀ ਜਿੱਤ ਲਈ:

ਤੇਰੀ ਇਕੋ ਅੱਖ ਸੁਲੱਖਣੀ,
ਬਹੁ ਲਿਸ਼ਕਾਂ ਮਾਰੇ।
ਤੈਨੂੰ ਝੁਕ ਝੁਕ ਕਰਨ ਸਲਾਮਾਂ
ਦੋ ਅੱਖਾਂ ਵਾਲੇ।"

ਇੱਕ ਵਾਰ ਮਹਾਰਾਜਾ ਨੇ ਐਲਾਨ ਕੀਤਾ ਕਿ ਸਰਕਾਰੀ ਸਟੋਰ ਵਿੱਚੋਂ ਗਰੀਬ ਗੁਰਬੇ ਆ ਕੇ ਜਿੰਨਾ ਆਟਾ ਦਾਣਾ ਚੁੱਕ ਸਕਣ ਚੁੱਕ ਕੇ ਲੈ ਜਾਣ। ਸ਼ਾਮ ਨੂੰ ਮਹਾਰਾਜਾ ਭੇਸ ਬਦਲ ਕੇ ਖੁਦ ਓਧਰੋਂ ਲੰਘੇ, ਇਹ ਵੇਖਣ ਲਈ ਕਿ ਉਨ੍ਹਾਂ ਦੇ ਹੁਕਮ ਦੀ ਤਾਮੀਲ ਠੀਕ ਢੰਗ ਨਾਲ ਹੋ ਰਹੀ ਹੈ ਕਿ ਨਹੀਂ। ਉਥੇ ਜਾ ਕੇ ਵੇਖਿਆ ਕਿ ਇੱਕ ਬ੍ਰਿਧ ਆਦਮੀ ਨੇ ਆਟੇ ਦੀ ਪੰਡ ਬਨ੍ਹਵਾ ਤਾਂ ਲਈ ਪਰ ਉਸ ਕੋਲੋਂ ਚੁੱਕੀ ਨਾ ਗਈ। ਮਹਾਰਾਜਾ ਨੇ ਪੰਡ ਆਪਣੇ ਸਿਰ ਉੱਤੇ ਚੁੱਕ ਲਈ ਅਤੇ ਉਸ ਬਜ਼ੁਰਗ ਨੂੰ ਘਰ ਛੱਡ ਆਇਆ। ਉਸ ਬਜ਼ੁਰਗ ਨੂੰ ਇਹ ਨਹੀਂ ਸੀ ਪਤਾ ਕਿ ਮਹਾਰਾਜਾ ਖੁਦ ਉਸਦੀ ਪੰਡ ਚੁੱਕੀ ਉਸ ਦੇ ਘਰ ਆਇਆ ਹੈ। ਇਸ ਤੋਂ ਬਾਅਦ ਮਹਾਰਾਜਾ ਸਾਹਿਬ ਨੂੰ ਸਤਿਕਾਰ ਵਜੋਂ ਪਾਂਡੀ ਬਾਦਸ਼ਾਹ ਆਖਿਆ ਜਾਣ ਲੱਗਾ।

ਇੱਕ ਵਾਰ ਮਹਾਰਾਜਾ ਦੀ ਸਵਾਰੀ ਬੜੀ ਧੂਮ ਧਾਮ ਨਾਲ ਜਾ ਰਹੀ ਸੀ ਕਿ ਇੱਕ ਵੱਟਾ ਆ ਕੇ ਮਹਾਰਾਜੇ ਨੂੰ ਲੱਗਿਆ। ਸਰਕਾਰੀ ਕਰਮਚਾਰੀ ਤੇ ਅਧਿਕਾਰੀ ਏਧਰ ਓਧਰ ਨੱਸੇ ਤੇ ਇੱਕ ਮੁੰਡੇ ਨੂੰ ਫੜ ਕੇ ਲੈ ਆਏ, ਮਹਾਰਾਜਾ ਨੇ ਮੁੰਡੇ ਨੂੰ ਪੁੱਛਿਆ, "ਤੂੰ ਮੈਨੂੰ ਵੱਟਾ ਕਿਉਂ ਮਾਰਿਆ ਹੈ ?" ਉਸ ਕਿਹਾ, "ਹਜ਼ੂਰ! ਮੈਂ ਤਾਂ ਵੱਟਾ ਬੇਰੀ ਨੂੰ ਮਾਰਿਆ ਸੀ ਪਰ ਨਿਸ਼ਾਨਾ ਚੂਕ ਜਾਣ ਕਾਰਨ ਤੁਹਾਨੂੰ ਆਣ ਵੱਜਾ ਹੈ? ਹਜ਼ੂਰ ਬੇਅਦਬੀ ਹੋਈ ਹੈ, ਮਾਫ ਕਰ ਦਿਉ।" ਦਰਬਾਰੀਆਂ 'ਚੋਂ ਕਿਸੇ ਨੇ ਕੋਈ ਸਜ਼ਾ ਦਸੀ ਤੇ ਕਿਸੇ ਨੇ ਕੋਈ, ਪਰ ਮਹਾਰਾਜਾ ਹੱਸ ਪਏ ਤੇ

ਕਹਿਣ ਲੱਗੇ, "ਨਹੀਂ, ਇਸ ਮੁੰਡੇ ਨੂੰ ਇਨਾਮ ਦਿੱਤਾ ਜਾਵੇ। ਕਿਉਂਕਿ ਇੱਕ ਬੇਰੀ ਨੂੰ ਵੱਟਾ ਮਾਰਨ ਨਾਲ ਬੇਰੀ ਕੋਲੋਂ ਇਸ ਨੂੰ ਬੇਰ ਮਿਲ ਜਾਂਦੇ ਹਨ ਤਾਂ ਜੇ ਇਹ ਕਿਵੇਂ ਹੋ ਸਕਦਾ ਹੈ ਕਿ ਮੇਰੇ ਕੋਲੋਂ ਇਸ ਨੂੰ ਕੁਝ ਵੀ ਨਾ ਮਿਲੇ।"

ਇੱਕ ਵਾਰ ਮਹਾਰਾਜਾ ਨੇ ਮਿਰਾਸੀਆਂ, ਭੰਡਾਂ ਤੇ ਨਕਲਚੀਆਂ ਨੂੰ ਇਕੱਠਾ ਕਰਕੇ ਕਿਹਾ, "ਤੁਹਾਡੇ ਵਿੱਚੋਂ ਕਿਹੜਾ ਵਿਅਕਤੀ ਬਹੁਤਾ ਮਸਖ਼ਰਾ ਹੈ ? ਜੇ ਉਹ ਮੈਨੂੰ ਗੱਲਾਂ ਗੱਲਾਂ ਨਾਲ ਹਸਾ ਦੇਵੇ ਤਾਂ ਮੈਂ ਉਸ ਨੂੰ ਮੂੰਹ ਮੰਗਿਆ ਇਨਾਮ ਦੇਵਾਂਗਾ ਤੇ ਜੇ ਉਹ ਮੈਨੂੰ ਹਸਾ ਸਕਣ ਵਿੱਚ ਅਸਫਲ ਰਿਹਾ ਤਾਂ ਉਸ ਨੂੰ ਫਾਂਸੀ ਦਿੱਤੀ ਜਾਏਗੀ।" ਫਾਂਸੀ ਦਾ ਨਾਂ ਸੁਣ ਕੇ ਸਾਰੇ ਮਸਖ਼ਰੇ ਘਬਰਾ ਗਏ। ਪਰ ਇੱਕ ਮਿਰਾਸੀ ਨੇ ਬੜੀ ਦਲੇਰੀ ਕਰਕੇ ਸ਼ਰਤ ਲਗਾ ਹੀ ਲਈ। ਉਸ ਨੇ ਮਹਾਰਾਜੇ ਨੂੰ ਕਿਹਾ, "ਤੁਸੀਂ ਔਹ ਪੌੜੀਆਂ ਚੜੋ, ਤੇ ਹਰ ਪੌੜੀ ਤੇ ਖਲੋ ਕੇ ਮੇਰੇ ਵਲ ਵੇਖਣਾ। ਮੈਂ ਤੁਹਾਨੂੰ ਬੜੀ ਸੁਆਦਲੀ ਗੱਲ ਸੁਣਾਵਾਂਗਾ। ਮੇਰਾ ਖਿਆਲ ਹੀ ਨਹੀਂ ਸਗੋਂ ਯਕੀਨ ਹੈ ਕਿ ਮੈਂ ਤੁਹਾਨੂੰ ਪਹਿਲੀ ਜਾਂ ਦੂਜੀ ਪੌੜੀ 'ਤੇ ਹੀ ਹਸਾ ਸਕਣ ਵਿੱਚ ਕਾਮਯਾਬ ਹੋ ਜਾਵਾਂਗਾ।" ਮਹਾਰਾਜਾ ਮੰਨ ਗਏ। ਉਹ ਪੌੜੀਆਂ ਚੜ੍ਹਦੇ ਚੜ੍ਹਦੇ ਹਰ ਪੌੜੀ 'ਤੇ ਉਸ ਦੀ ਗੱਲ ਸੁਣਨ ਲਈ ਰੁਕ ਜਾਂਦੇ। ਪਰ ਉਨ੍ਹਾਂ ਨੇ ਆਪਣਾ ਮੂੰਹ ਇੰਨਾ ਪੱਕਾ ਕਰ ਲਿਆ ਕਿ ਹਾਸਾ ਉਨ੍ਹਾਂ ਦੇ ਨੇੜੇ ਹੀ ਨਾ ਆਇਆ। ਏਧਰ ਮਿਰਾਸੀ ਦੀ ਜਾਨ ਨੂੰ ਬਣ ਗਈ। ਜਦ ਮਹਾਰਾਜੇ ਨੇ ਆਖਰੀ ਪੌੜੀ 'ਤੇ ਚੜ੍ਹ ਕੇ ਮਿਰਾਸੀ ਵਲ ਤੱਕਿਆ ਤਾਂ ਮਿਰਾਸੀ ਨੇ ਬੜਾ ਖਿਝ ਕੇ ਕਿਹਾ, "ਹੁਣ ਤਾਂ ਆਖਰੀ ਪੌੜੀ ਤੇ ਪਹੁੰਚ ਗਿਆ ਏਂ, ਕਾਣਿਆਂ ਹੁਣ ਵੀ ਦੰਦੀਆਂ ਕਢੇਂਗਾ ਕਿ ਨਹੀਂ ?" ਬਸ ਇਹ ਗੱਲ ਕਹਿਣ ਦੀ ਦੇਰ ਸੀ ਕਿ ਮਹਾਰਾਜਾ ਖਿੜ ਖਿੜ ਕਰਦਾ ਪੌੜ੍ਹੀਆਂ ਉਤਰ ਆਇਆ ਤੇ ਆ ਕੇ ਉਸ ਜ਼ਿੰਦਾ-ਦਿਲ ਮਿਰਾਸੀ ਨੂੰ ਆਪਣੇ ਕਲਾਵੇ ਵਿੱਚ ਲਿਆ ਤੇ ਇਨਾਮ ਵੀ ਦਿੱਤਾ।

ਇੱਕ ਦਿਨ ਮਹਾਰਾਜਾ ਸ਼ਿਕਾਰ 'ਤੇ ਜਾਣ ਲਈ ਸਵੇਰੇ ਬਾਹਰ ਨਿਕਲੇ। ਅਗੋਂ ਇੱਕ ਮਿਰਾਸੀ ਮਿਲ ਗਿਆ। ਉਹ ਦਿਨ ਮਹਾਰਾਜੇ ਲਈ ਬੜਾ ਮਨਹੂਸ ਸਿੱਧ ਹੋਇਆ। ਸ਼ਾਮ ਨੂੰ ਮਹਿਲ ਵਿੱਚ ਵਾਪਸ ਆ ਕੇ ਉਨ੍ਹਾਂ ਨੇ ਉਸ ਮਿਰਾਸੀ ਨੂੰ ਬੁਲਵਾਇਆ ਜੋ ਸਵੇਰ ਸਾਰ ਉਨ੍ਹਾਂ ਦੇ ਮੱਥੇ ਲੱਗਿਆ ਸੀ। ਮਹਾਰਾਜਾ ਨੇ ਉਸ ਨੂੰ ਕਿਹਾ, "ਤੂੰ ਸਵੇਰ ਸਾਰ ਮੇਰੇ ਮੱਥੇ ਲਗਾ ਸੈਂ, ਤਾਂ ਹੀ ਮੈਂ ਸਾਰਾ ਦਿਨ ਬੇਚੈਨ ਰਿਹਾ, ਨਾ ਹੀ ਕੋਈ ਸ਼ਿਕਾਰ ਮਿਲਿਆ ਤੇ ਨਾ ਹੀ ਕੁਝ ਖਾਣ

ਨੂੰ ਲੱਭਾ। ਇਸ ਲਈ ਕਲ ਸਵੇਰੇ ਤੈਨੂੰ ਫਾਂਸੀ ਦੇ ਦਿੱਤੀ ਜਾਵੇਗੀ। ਅਜਿਹੇ ਮਨਹੂਸ ਬੰਦੇ ਨੂੰ ਮੈਂ ਆਪਣੇ ਰਾਜ ਵਿੱਚ ਰਹਿਣ ਹੀ ਕਿਉਂ ਦਿਆਂ।" ਮਿਰਾਸੀ ਨੇ ਹੱਥ ਜੋੜ ਕੇ ਅਰਜ਼ ਕੀਤੀ, "ਅਲੀ ਜਾਹ! ਗੁਸਤਾਖ਼ੀ ਮਾਫ਼, ਮੈਂ ਤੁਹਾਡੇ ਮੱਥੇ ਲੱਗਾ ਤਾਂ ਤੁਹਾਨੂੰ ਸਾਰਾ ਦਿਨ ਖਾਣਾ ਨਸੀਬ ਨਹੀਂ ਹੋਇਆ। ਪਰ ਤੁਸੀਂ ਮੇਰੇ ਮੱਥੇ ਲੱਗੇ ਤਾਂ ਇਸ ਦਾ ਨਤੀਜਾ ਇਹ ਹੋਇਆ ਹੈ ਕਿ ਮੈਨੂੰ ਫਾਂਸੀ ਮਿਲ ਰਹੀ ਹੈ।" ਮਹਾਰਾਜਾ ਰਣਜੀਤ ਸਿੰਘ ਉਸਦਾ ਜਵਾਬ ਸੁਣ ਕੇ ਖੁਸ਼ ਹੋ ਗਏ ਤੇ ਉਸ ਨੂੰ ਇਨਾਮ ਦਿੱਤਾ।

ਇਸ ਜ਼ਿੰਦਾ-ਦਿਲ ਤੇ ਖੇੜੇ ਖਿਲਾਰਦੇ ਇਨਸਾਨ, ਮਹਾਰਾਜਾ ਰਣਜੀਤ ਸਿੰਘ ਸ਼ੇਰ-ਏ-ਪੰਜਾਬ ਦੀ ਮੌਤ 28 ਜੂਨ ਸੰਨ 1839 ਈ. ਨੂੰ ਹੋਈ।

*************